Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 323 16/05/2026 www.samajweekly.com samajweekly @samajweekly samajweekly

# 21 ਜੂਨ ਨੂੰ ਮੁੜ ਹੋਵੇਗੀ ਨੀਟ ਯੂ.ਜੀ. ਦੀ ਪ੍ਰੀਖਿਆ

**ਨਵੀਂ ਦਿੱਲੀ।** ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਅੱਜ ਐਲਾਨ ਕੀਤਾ ਕਿ ਨੀਟ-ਯੂਜੀ ਦੀ ਮੁੜ ਪ੍ਰੀਖਿਆ 21 ਜੂਨ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਜੁੜੀਆਂ ਬੇਨਿਯਮੀਆਂ ਦੇ ਦੋਸ਼ਾਂ ਨੂੰ ਦੇਖਦੇ ਹੋਏ ਕੀਤੇ ਜਾ ਰਹੇ ਸੁਧਾਰਾਂ ਦੇ ਅਧੀਨ, ਅਗਲੇ ਸਾਲ ਤੋਂ ਇਹ ਮੈਡੀਕਲ ਪ੍ਰਵੇਸ਼ ਪ੍ਰੀਖਿਆ ਕੰਪਿਊਟਰ ਆਧਾਰਤ ਟੈਸਟ ਯਾਨੀ ਆਨਲਾਈਨ ਹੋਵੇਗੀ। ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਦੀ ਸਭ ਤੋਂ ਵੱਡੀ ਪਹਿਲ ਵਿਦਿਆਰਥੀ ਅਤੇ ਉਨ੍ਹਾਂ ਦਾ ਭਵਿੱਖ ਹੈ। ਉਨ੍ਹਾਂ ਕਿਹਾ ਕਿ ਨੀਟ-ਯੂਜੀ ਦੇ ਆਯੋਜਨ ਵਿੱਚ ਪਾਈਆਂ ਗਈਆਂ ਬੇਨਿਯਮੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸਭ ਤੋਂ ਵੱਡੀ ਪਹਿਲ ਵਿਦਿਆਰਥੀਆਂ ਦਾ ਭਵਿੱਖ ਹੈ। ਅਸੀਂ ਇਸ ਵਾਰ ਕਿਸੇ ਵੀ ਤਰ੍ਹਾਂ ਦੀ ਧਾਂਦਲੀ ਨਹੀਂ ਹੋਣ ਦੇਵਾਂਗੇ। ਸਰਕਾਰ ਤੁਹਾਡੇ ਨਾਲ ਹੈ। ਪ੍ਰੀਖਿਆ ਪ੍ਰਕਿਰਿਆ ਵਿੱਚ ਬੇਨਿਯਮੀਆਂ ਦੇ ਦੋਸ਼ਾਂ ਤੋਂ ਬਾਅਦ, 3 ਮਈ ਨੂੰ ਆਯੋਜਿਤ ਨੀਟ-ਯੂਜੀ ਪ੍ਰੀਖਿਆ ਰੱਦ ਕਰ ਕਰ ਦਿੱਤੀ ਗਈ ਸੀ।

ਉਨ੍ਹਾਂ ਦੱਸਿਆ ਕਿ ਇਹ ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਨੈਸ਼ਨਲ ਟੈਸਟਿੰਗ ਏਜੰਸੀ ਦੀ ਸ਼ਿਕਾਇਤ ਪ੍ਰਣਾਲੀ ਦੇ ਮਾਧਿਅਮ ਨਾਲ 'ਗੈਸ ਪੇਪਰ' ਦੇ ਪ੍ਰਸ਼ਨ ਪੱਤਰਾਂ ਨਾਲ ਨੀਟ-ਯੂਜੀ ਪ੍ਰੀਖਿਆ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਮੇਲ ਖਾਣ ਨੂੰ ਲੈ ਕੇ ਇਤਰਾਜ਼ ਪ੍ਰਾਪਤ ਹੋਏ, ਜਿਸ ਤੋਂ ਬਾਅਦ ਇਕ ਜਾਂਚ ਸ਼ੁਰੂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਪ੍ਰਕਿਰਿਆ 8 ਮਈ ਨੂੰ ਸ਼ੁਰੂ ਹੋਈ ਅਤੇ 8,9,10 ਅਤੇ 11 ਮਈ ਤੱਕ ਜਾਰੀ ਹੈ। ਜਦੋਂ ਸਾਨੂੰ ਪੂਰੀ ਸਪੱਸ਼ਟਤਾ ਮਿਲੀ ਅਤੇ ਇਸ ਗੱਲ ਦੀ ਪੁਸ਼ਟੀ ਹੋ ਗਈ ਕਿ



ਪ੍ਰਸ਼ਨ ਪੱਤਰ ਬਾਹਰ ਚਲੇ ਗਏ ਸਨ ਤਾਂ ਅਸੀਂ 12 ਮਈ ਨੂੰ ਵਿਦਿਆਰਥੀਆਂ ਦੇ ਹਿੱਤ ਵਿੱਚ ਇਹ ਫੈਸਲਾ ਲਿਆ। ਉਨ੍ਹਾਂ ਕਿਹਾ ਕਿ ਤੁਰੰਤ ਚਰਚਾਵਾਂ ਕੀਤੀਆਂ ਗਈਆਂ ਅਤੇ ਐਨਟੀਏ ਤੇ ਸਰਕਾਰ ਦੋਵਾਂ ਨੇ ਉੱਚ ਸਿੱਖਿਆ ਵਿਭਾਗ ਨਾਲ ਮਿਲ ਕੇ ਇਕ ਸ਼ੁਰੂਆਤੀ ਜਾਂਚ ਸ਼ੁਰੂ ਕੀਤੀ। ਇਸ ਤੋਂ ਬਾਅਦ ਇਹ ਮਾਮਲਾ ਭਾਰਤ ਸਰਕਾਰ ਦੀਆਂ ਸੰਬੰਧਤ ਏਜੰਸੀਆਂ ਨੂੰ ਸੌਂਪ ਦਿੱਤਾ ਗਿਆ।ਕੇਂਦਰੀ ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਹ ਮਾਮਲਾ ਸੀਬੀਆਈ ਨੂੰ ਸੌਂਪ ਦਿੱਤਾ ਹੈ ਅਤੇ ਜਾਂਚ ਤੇ ਪੂਰਾ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸੀਬੀਆਈ ਨੇ ਬਿਲਕੁੱਲ ਸਹੀ ਕਿਹਾ ਹੈ, ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਭਾਵੇਂ ਕੋਈ ਐਨਟੀਏ ਦੇ ਅੰਦਰ ਹੋਵੇ ਜਾਂ ਬਾਹਰ, ਕਿਸੇ ਨੂੰ ਵੀ ਨਹੀਂ ਬਖਸ਼ਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰੀਖਿਆ ਦੀ ਸੀਬੀਟੀ ਤਰੀਕਾ ਓਐਮਆਰ ਦੀ ਤੁਲਨਾ ਤੋਂ ਕਿਤੇ ਬਿਹਤਰ ਹੈ। ਇਹ ਥੋੜ੍ਹਾ ਜ਼ਿਆਦਾ ਸੁਰੱਖਿਅਤ ਹੈ। ਸਾਈਬਰ ਅਪਰਾਧ ਆਪਣੇ ਆਪ ਵਿੱਚ ਇਕ ਬਹੁਤ ਵੱਡੀ ਦੁਨੀਆ ਬਣ ਗਿਆ ਹੈ। ਚੁਣੌਤੀਆਂ ਤਾਂ ਹਨ ਪਰ ਸਾਨੂੰ ਆਪਣੇ ਦੇਸ਼ ਦੀ ਵਿਵਸਥਾ ਤੇ ਭਰੋਸਾ ਰੱਖਣਾ ਹੋਵੇਗਾ। ਇਹ ਪ੍ਰੈਸ ਕਾਨਫਰੰਸ ਵੀਰਵਾਰ ਦੇਰ ਸ਼ਾਮ ਪ੍ਰਧਾਨ ਦੇ ਘਰ ਹੋਈ ਇਕ ਉੱਚ-ਪੱਧਰੀ ਬੈਠਕ ਤੋਂ ਬਾਅਦ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ ਪ੍ਰੀਖਿਆ ਨੂੰ ਮੁੜ ਆਯੋਜਿਤ ਕਰਨ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ ਸੀ।

# ਜਲੰਧਰ ਧਮਾਕਾ ਮਾਮਲੇ 'ਚ ਪੁਲਿਸ ਨੇ 17 ਨੌਜਵਾਨਾਂ ਨੂੰ ਹਿਰਾਸਤ 'ਚ ਲਿਆ

**ਜਲੰਧਰ : ਜਲੰਧਰ** ਬੀ.ਐੱਸ.ਐੱਫ. ਹੈੱਡਕੁਆਰਟਰ ਦੇ ਸਾਹਮਣੇ 5 ਮਈ ਦੀ ਰਾਤ ਨੂੰ ਹੋਏ ਆਈ.ਈ.ਡੀ. ਬਲਾਸਟ ਮਾਮਲੇ ਵਿਚ ਪੁਲਿਸ ਅਤੇ ਖੁਫੀਆ ਏਜੰਸੀਆਂ ਨੇ ਮੁੱਖ ਮੁਲਜ਼ਮਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ । ਜਦਕਿ ਪੁਲਿਸ ਨੇ ਮੁਲਜ਼ਮਾਂ ਦਾ ਨਾਮ, ਪਤਾ ਅਤੇ ਗ੍ਰਿਫਤਾਰੀ ਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਮਾਮਲੇ ਵਿਚ ਹੁਣ ਤੱਕ ਲਗਭਗ 17 ਮੁਲਜ਼ਮ ਗ੍ਰਿਫਤਾਰ ਹੋ ਚੁੱਕੇ ਹਨ । ਸੂਤਰਾਂ ਦੇ ਹਵਾਲੇ ਤੋਂ ਇਹ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਜਲੰਧਰ ਅਤੇ ਅੰਮ੍ਰਿਤਸਰ 'ਚ ਹੋਏ ਧਮਾਕਿਆਂ ਦੇ ਪਿੱਛੇ ਪਾਕਿਸਤਾਨੀ ਡਾਨ ਸ਼ਹਿਜ਼ਾਦ ਭੱਟੀ ਦਾ ਹੱਥ ਹੈ । ਇਸ ਮਾਮਲੇ ਦੇ ਤਾਰ ਆਈ.ਐੱਸ.ਆਈ. ਨਾਲ ਜੁੜੇ ਹੋਏ ਹਨ । ਜਦਕਿ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਵੀ ਇਨ੍ਹਾਂ ਧਮਾਕਿਆਂ ਪਿੱਛੇ ਪਾਕਿ-ਸਤਾਨ ਦਾ ਹੱਥ ਹੋਣ ਦੀ ਗੱਲ ਆਖ ਚੁੱਕੇ ਹਨ। ਸੂਤਰਾਂ ਅਨੁਸਾਰ ਆਈ.ਐੱਸ.ਆਈ. ਦੇ ਇਸ਼ਾਰੇ ਇਹ ਵੱਡੀਆਂ ਘਟਨਾਵਾਂ ਨੂੰ ਅੰਜ਼ਾਮ ਦੇਣ ਦੀ ਸਾਜਿਸ਼ ਸੀ। ਉਥੇ ਹੀ ਜਲੰਧਰ ਅਤੇ ਅੰਮ੍ਰਿਤਸਰ 'ਚ ਹੋਏ ਧਮਾਕੇ ਮਾਮਲਿਆਂ ਵਿਚ ਪੰਜਾਬ ਵਿਚ ਵੱਡੀ ਸਰਚ ਮੁਹਿੰਮ ਚਲਾਈ ਗਈ। ਬੁੱਧਵਾਰ ਦੇਰ ਰਾਤ ਤੱਕ ਜਲੰਧਰ ਪੁਲਿਸ ਦੀਆਂ ਕਈ ਟੀਮਾਂ ਨੇ ਨਕੋਦਰ, ਕਪੂਰਥਲਾ, ਨਵਾਂਸ਼ਹਿਰ, ਅੰਮ੍ਰਿਤਸਰ, ਤਰਨਤਾਰਨ ਅਤੇ



ਹੁਸ਼ਿਆਰਪੁਰ ਦੇ ਇਲਾਕਿਆਂ ਵਿਚ ਤਲਾਸ਼ੀ ਮੁਹਿੰਮ ਚਲਾਈ । ਇਸ ਮੁਹਿੰਮ ਦੌਰਾਨ ਪੁਲਿਸ ਨੇ ਸ਼ੱਕੀਆਂ ਤੋਂ ਪੁੱਛਗਿੱਛ ਵੀ ਕੀਤੀ । ਹਿਰਾਸਤ ਵਿਚ ਲਏ ਗਏ ਜ਼ਿਆਦਾਤਰ ਨੌਜਵਾਨ ਪਾਕਿਸਤਾਨੀ ਡਾਨ ਸ਼ਹਿਜ਼ਾਦ ਭੱਟੀ ਨਾਲ ਸੋਸ਼ਲ ਮੀਡੀਆ ਰਾਹੀਂ ਟੱਚ ਵਿਚ ਸਨ ਅਤੇ ਇਨ੍ਹਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਗਈ। ਅੰਮ੍ਰਿਤਸਰ ਅਤੇ ਜਲੰਧਰ ਵਿਚ ਧਮਾਕਿਆਂ 'ਚ ਪਾਕਿਸਤਾਨ ਦੀ ਆਈ.ਐੱਸ.ਆਈ. ਏਜੰਸੀ ਨੇ ਖਾਲਿਸਤਾਨੀ ਨੈੱਟਵਰਕ ਰਾਹੀਂ ਕਰਵਾਏ ਸਨ । ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਟੀਮਾਂ ਜਾਂਚ ਵਿਚ ਜੁਟੀਆਂ ਹੋਈਆਂ ਹਨ ਅਤੇ ਉਹ ਮੁਲਜ਼ਮਾਂ ਦੇ ਬਿਲਕੁਲ ਨੇੜੇ ਹਨ । ਨਵਾਂਸ਼ਹਿਰ ਤੋਂ ਵੀ 3 ਨੌਜਵਾਨਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ। ਜ਼ਿਕਰਯੋਗ ਹੈ ਇਨ੍ਹਾਂ ਤੋਂ ਪੁੱਛਗਿੱਛ ਤੋਂ ਬਾਅਦ ਪੁਲਿਸ ਨੇ ਤਲਾਸ਼ੀ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਥੋਂ ਲਖਵਿੰਦਰ (39), ਦਵਿੰਦਰ ਅਤੇ ਲਵਪ੍ਰੀਤ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਜਲਦੀ ਹੀ ਪੂਰੇ ਮਾਮਲੇ ਨੂੰ ਕਲੀਅਰ ਕਰ ਦਿੱਤਾ ਜਾਵੇਗਾ।

# ਚਾਰਧਾਮ ਯਾਤਰਾ ਦੌਰਾਨ 25 ਦਿਨਾਂ ਵਿੱਚ 40 ਸ਼ਰਧਾਲੂਆਂ ਦੀ ਮੌਤ, ਕੇਦਾਰਨਾਥ ਵਿੱਚ ਹੋਈਆਂ ਸਭ ਤੋਂ ਵੱਧ ਮੌਤਾਂ

**ਨਵੀਂ ਦਿਲੀ।** ਚਾਰ ਧਾਮ ਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਨਵੇਂ ਰਿਕਾਰਡ ਕਾਇਮ ਕਰ ਰਹੀ ਹੈ। 19 ਅਪ੍ਰੈਲ ਨੂੰ ਯਾਤਰਾ ਸ਼ੁਰੂ ਹੋਣ ਤੋਂ ਬਾਅਦ, 13 ਮਈ ਤੱਕ, 12 ਲੱਖ ਸ਼ਰਧਾਲੂ ਚਾਰ ਪਵਿੱਤਰ ਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ। ਹਾਲਾਂਕਿ, ਯਾਤਰਾ ਦੌਰਾਨ ਮੌਤਾਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੈ। ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ (SEOC) ਵੱਲੋਂ 14 ਮਈ ਨੂੰ ਸਵੇਰੇ 10 ਵਜੇ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਚਾਰਧਾਮ ਯਾਤਰਾ ਦੌਰਾਨ ਹੁਣ ਤੱਕ 40 ਸ਼ਰਧਾਲੂਆਂ ਦੀ ਮੌਤ ਹੋ ਚੁੱਕੀ ਹੈ। ਕੇਦਾਰਨਾਥ ਵਿੱਚ ਸਭ ਤੋਂ ਵੱਧ 22 ਮੌਤਾਂ ਦਰਜ ਕੀਤੀਆਂ ਗਈਆਂ। ਬਦਰੀਨਾਥ ਵਿੱਚ ਸੱਤ, ਯਮੁਨੋਤਰੀ ਵਿੱਚ ਛੇ ਅਤੇ ਗੰਗੋਤਰੀ ਵਿੱਚ ਪੰਜ ਸ਼ਰਧਾਲੂਆਂ ਦੀ ਮੌਤ ਹੋ ਗਈ। ਸਰਕਾਰ ਬਿਹਤਰ



ਸਿਹਤ ਸਹੂਲਤਾਂ ਅਤੇ ਡਾਕਟਰੀ ਤਿਆਰੀ ਦਾ ਦਾਅਵਾ ਕਰਦੀ ਰਹਿੰਦੀ ਹੈ, ਪਰ ਮੌਤਾਂ ਦੀ ਵਧਦੀ ਗਿਣਤੀ ਰਸਤੇ ਵਿੱਚ ਗੰਭੀਰ ਸਿਹਤ ਚੁਣੌਤੀਆਂ ਅਤੇ ਉੱਚਾਈ ਨਾਲ ਜੁੜੀਆਂ ਮੁਸ਼ਕਲਾਂ ਨੂੰ ਉਜਾਗਰ ਕਰਦੀ ਹੈ। ਸਿਹਤ ਵਿਭਾਗ ਦਾ ਕਹਿਣਾ ਹੈ ਕਿ ਜ਼ਿਆਦਾਤਰ ਮੌਤਾਂ ਦਿਲ ਦੇ ਦੌਰੇ, ਉੱਚਾਈ ਵਾਲੀ ਬਿਮਾਰੀ, ਹਾਈਪਰਟੈਨਸ਼ਨ ਅਤੇ ਹੋਰ ਸਿਹਤ ਕਾਰਨਾਂ ਕਰਕੇ ਹੋਈਆਂ ਹਨ।ਯਾਤਰਾ ਦਾ ਰਸਤਾ ਉੱਚਾਈ ਵਾਲੇ ਖੇਤਰਾਂ ਵਿੱਚੋਂ ਲੰਘਦਾ ਹੈ, ਜਿੱਥੇ ਘੱਟ ਆਕਸੀਜਨ ਦੇ ਪੱਧਰ ਅਤੇ ਲਗਾਤਾਰ ਚੜ੍ਹਾਈ ਕਾਰਨ ਬਜ਼ੁਰਗਾਂ ਅਤੇ ਪਹਿਲਾਂ ਤੋਂ ਹੀ ਬਿਮਾਰ ਯਾਤਰੀਆਂ ਦੀ ਸਿਹਤ ਵਿਗੜਨ ਦੇ ਮਾਮਲੇ ਸਾਹਮਣੇ ਆ ਰਹੇ ਹਨ। ਸਿਹਤ ਮੰਤਰੀ ਦੇ ਅਨੁਸਾਰ, ਤੀਰਥ ਯਾਤਰਾ ਦੇ ਰਸਤੇ 'ਤੇ 47 ਹਸਪਤਾਲ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਲਗਭਗ 2,820 ਸਿਹਤ ਕਰਮਚਾਰੀ ਅਤੇ 400 ਡਾਕਟਰ ਵੱਖ-ਵੱਖ ਸਟਾਪਾਂ 'ਤੇ ਤਾਇਨਾਤ ਕੀਤੇ ਗਏ ਹਨ।

# ਆਮ ਆਦਮੀ ਨੂੰ ਲੱਗਿਆ ਮਹਿੰਗਾਈ ਦਾ ਝਟਕਾ, ਦੇਸ਼ ਭਰ ਵਿੱਚ ਮਹਿੰਗਾ ਹੋਇਆ ਪੈਟਰੋਲ ਅਤੇ ਡੀਜ਼ਲ

## ਪੈਟਰੋਲ 3.14 ਰੁਪਏ ਤੇ ਡੀਜ਼ਲ 3.11 ਪ੍ਰਤੀ ਲੀਟਰ ਹੋਇਆ ਮਹਿੰਗਾ

**ਨਵੀਂ ਦਿਲੀ।** ਇਰਾਨ ਨਾਲ ਅਮਰੀਕਾ-ਇਜ਼ਰਾਈਲ ਜੰਗ ਹੁਣ ਭਾਰਤ ਦੇ ਆਮ ਆਦਮੀ ਨੂੰ ਪ੍ਰਭਾਵਿਤ ਕਰ ਰਹੀ ਹੈ। ਐਲਪੀਜੀ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਬਾਅਦ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ ਹੈ। ਪੈਟਰੋਲ ਦੀ ਕੀਮਤ 94.77 ਤੋਂ ਵੱਧ ਕੇ 97.81 ਰੁਪਏ ਪ੍ਰਤੀ ਲੀਟਰ ਹੋ ਗਈ ਹੈ, ਜਦੋਂ ਕਿ ਡੀਜ਼ਲ 87.67 ਤੋਂ ਵੱਧ ਕੇ 90.71 ਰੁਪਏ ਪ੍ਰਤੀ ਲੀਟਰ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ ਦੋਵਾਂ ਈਂਧਨਾਂ 'ਤੇ 3.14 ਪ੍ਰਤੀ ਲੀਟਰ ਵਾਧੇ ਦਾ ਸਿੱਧਾ ਅਸਰ ਜਨਤਾ ਦੀ ਜੇਬ 'ਤੇ ਪਿਆ ਹੈ। ਇਸ ਵਾਧੇ ਦਾ ਕਾਰਨ ਸਿਰਫ਼ ਘਰੇਲੂ ਟੈਕਸਾਂ ਜਾਂ ਕਾਰਪੋਰੇਟ ਨੀਤੀਆਂ ਹੀ ਨਹੀਂ, ਸਗੋਂ ਮੱਧ ਪੂਰਬ ਵਿੱਚ ਵੱਧ ਰਹੇ ਭੂ-ਰਾਜਨੀਤਿਕ ਤਣਾਅ ਵੀ ਹਨ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਅਤੇ ਤੇਲ ਸਪਲਾਈ ਬਾਰੇ ਵਧਦੀ ਅਨਿਸ਼ਚਿਤਤਾ ਨੇ ਅੰਤਰਰਾਸ਼ਟਰੀ ਕੱਚੇ ਤੇਲ ਬਾਜ਼ਾਰ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਆਪਣੀਆਂ ਤੇਲ ਜ਼ਰੂਰਤਾਂ ਦਾ ਇੱਕ ਵੱਡਾ ਹਿੱਸਾ




ਆਯਾਤ ਕਰਦਾ ਹੈ, ਇਸ ਲਈ ਵਿਸ਼ਵਵਿਆਪੀ ਸੰਕਟ ਦਾ ਪ੍ਰਭਾਵ ਸਿੱਧੇ ਤੌਰ 'ਤੇ ਭਾਰਤੀ ਬਾਜ਼ਾਰ 'ਤੇ ਮਹਿਸੂਸ ਕੀਤਾ ਜਾ ਰਿਹਾ ਹੈ। ਤੇਲ ਦੀਆਂ ਕੀਮਤਾਂ ਦਾ ਮਤਲਬ ਸਿਰਫ਼ ਡਰਾਈਵਿੰਗ ਖਰਚਾ ਹੀ ਨਹੀਂ ਹੈ।

ਜੇਕਰ ਆਵਾਜਾਈ ਮਹਿੰਗੀ ਹੋ ਜਾਂਦੀ ਹੈ, ਤਾਂ ਸਬਜ਼ੀਆਂ, ਕਰਿਆਨੇ, ਦੁੱਧ ਅਤੇ ਹੋਰ ਰੋਜ਼ਾਨਾ ਲੋੜਾਂ ਦੀਆਂ ਕੀਮਤਾਂ ਵੀ ਵਧਣਗੀਆਂ। ਅਜਿਹੇ ਸਮੇਂ ਆਮ ਆਦਮੀ ਦਾ ਚਿੰਤਤ ਹੋਣਾ ਸੁਭਾਵਿਕ ਹੈ, ਕਿਉਂਕਿ ਮਹਿੰਗਾਈ ਮੱਧ ਵਰਗ ਅਤੇ ਗਰੀਬਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ।

# ਉਨਾਓ ਜਬਰ ਜਨਾਹ ਕੇਸ, ਸਾਬਕਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਸੁਪਰੀਮ ਕੋਰਟ ਤੋਂ ਝਟਕਾ

## ਦਿੱਲੀ ਹਾਈ ਕੋਰਟ ਦੇ ਉਮਰ ਕੈਦ ਦੀ ਸਜ਼ਾ ਮੁਅੱਤਲ ਕਰਨ ਦੇ ਫ਼ੈਸਲੇ ਨੂੰ ਪਲਟਿਆ

**ਨਵੀਂ ਦਿੱਲੀ:** ਉਨਾਓ ਜਬਰ ਜਨਾਹ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਉਸ ਫੈਸਲੇ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਭਾਜਪਾ ਦੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੀ ਉਮਰ ਕੈਦ ਦੀ ਸਜ਼ਾ ਮੁਅੱਤਲ ਕਰ ਦਿੱਤੀ ਗਈ ਸੀ। ਸ਼ੁੱਕਰਵਾਰ (15 ਮਈ, 2026) ਨੂੰ ਸੁਪਰੀਮ ਕੋਰਟ ਨੇ ਮਾਮਲਾ ਵਾਪਸ ਦਿੱਲੀ ਹਾਈ ਕੋਰਟ ਨੂੰ ਭੇਜ ਕੇ ਨਵੇਂ ਸਿਰੇ ਤੋਂ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਪਿਛਲੇ ਸਾਲ 29 ਦਸੰਬਰ ਨੂੰ ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਜ਼ਮਾਨਤ ਦੇ ਹੁਕਮਾਂ 'ਤੇ ਵੀ ਰੋਕ ਲਗਾ ਦਿੱਤੀ ਸੀ। ਪਿਛਲੇ ਸਾਲ ਦਸੰਬਰ ਵਿੱਚ ਹਾਈ ਕੋਰਟ ਨੇ ਸੇਂਗਰ ਨੂੰ ਇਹ ਕਹਿੰਦੇ ਹੋਏ ਜ਼ਮਾਨਤ ਦਿੱਤੀ ਸੀ ਕਿ ਵਿਧਾਇਕ ਨੂੰ ਪੋਕਸੋ ਐਕਟ ਦੇ ਤਹਿਤ ਲੋਕ ਸੇਵਕ ਨਹੀਂ ਮੰਨਿਆ ਜਾ ਸਕਦਾ। ਸੀਬੀਆਈ ਦੀ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਇਸ ਹੁਕਮ 'ਤੇ ਰੋਕ ਲਗਾ ਦਿੱਤੀ ਸੀ। ਅੱਜ ਮਾਮਲੇ ਨੂੰ ਦੁਬਾਰਾ ਵਿਚਾਰ ਲਈ ਹਾਈ ਕੋਰਟ ਕੋਲ ਭੇਜ ਦਿੱਤਾ ਗਿਆ ਹੈ। ਦੇਸ਼ ਦੇ ਮੁੱਖ ਜੱਜ



ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਹਾਈ ਕੋਰਟ ਨੂੰ ਇਹ ਵੀ ਨਿਰਦੇਸ਼ ਦਿੱਤਾ ਹੈ ਕਿ ਉਹ ਕੁਲਦੀਪ ਸੇਂਗਰ ਦੀ ਦੋਸ਼ਸਿੱਧੀ ਅਤੇ ਉਮਰ ਕੈਦ ਵਿਰੁੱਧ ਦਾਇਰ ਮੁੱਖ ਪਟੀਸ਼ਨ 'ਤੇ ਦੋ ਮਹੀਨਿਆਂ ਦੇ ਅੰਦਰ ਫੈਸਲਾ ਕਰਨ ਦੀ ਕੋਸ਼ਿਸ਼ ਕਰੇ। ਅਦਾਲਤ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜੇਕਰ ਹਾਈ ਕੋਰਟ ਲਈ ਮੁੱਖ ਪਟੀਸ਼ਨ 'ਤੇ ਜਲਦੀ ਫੈਸਲਾ ਲੈਣਾ ਸੰਭਵ ਨਹੀਂ ਹੈ, ਤਾਂ ਉਸ ਨੂੰ ਅਦਾਲਤ ਦੀਆਂ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਤੋਂ ਪਹਿਲਾਂ ਸੇਂਗਰ ਦੀ ਉਸ ਪਟੀਸ਼ਨ 'ਤੇ ਹੁਕਮ ਪਾਸ ਕਰਨਾ ਚਾਹੀਦਾ ਹੈ ਜਿਸ ਵਿੱਚ ਉਮਰ ਕੈਦ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਗਈ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੰਜਾਬ ਵਿਚ ਗਰਮੀ ਨੇ ਲੋਕਾਂ ਦਾ ਕੀਤਾ ਬੁਰਾ ਹਾਲ, ਪਾਰਾ ਪਹੁੰਚਿਆ 42.7 ਤੇ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਦੇ ਛੇ ਜ਼ਿਲ੍ਹਿਆਂ ਵਿੱਚ ਅੱਜ (15 ਮਈ) ਤੂਫ਼ਾਨ ਅਤੇ ਮੀਂਹ ਲਈ ਔਰੇਂਜ ਚੇਤਾਵਨੀ ਹੈ। ਇਸ ਦੌਰਾਨ, 16 ਮਈ ਤੋਂ 20 ਮਈ ਤੱਕ ਪੰਜ ਦਿਨਾਂ ਲਈ ਕਈ ਥਾਵਾਂ 'ਤੇ ਲੂ ਲਈ ਯੈਲੋ ਚੇਤਾਵਨੀ ਹੈ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਦੇ



ਅਨੁਸਾਰ, ਵੀਰਵਾਰ ਦੇ ਮੁਕਾਬਲੇ ਤਾਪਮਾਨ ਵਿੱਚ 0.2 ਡਿਗਰੀ ਦਾ ਵਾਧਾ ਹੋਇਆ ਹੈ। ਇਹ ਆਮ ਦੇ ਨੇੜੇ ਹੈ। ਬਠਿੰਡਾ ਵਿਚ ਤਾਪਮਾਨ 42.7 ਡਿਗਰੀ ਦਰਜ ਕੀਤਾ ਗਿਆ। ਠੰਡੀਆਂ ਪਹਾੜੀ ਹਵਾਵਾਂ ਦੇ ਰੁਕਾਵਟ ਕਾਰਨ ਪਾਰਾ ਲਗਾਤਾਰ ਵੱਧ ਰਿਹਾ ਹੈ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਦੇ ਅਨੁਸਾਰ, ਪਠਾਨਕੋਟ, ਗੁਰਦਾਸਪੁਰ, ਫ਼ਾਜ਼ਿਲਕਾ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਮੁਕਤਸਰ ਸਾਹਿਬ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਦੇ ਨਾਲ ਤੇਜ਼ ਤੂਫ਼ਾਨ ਆਉਣ ਦੀ ਸੰਭਾਵਨਾ ਹੈ। 16 ਮਈ, 2026 ਦੇ ਆਸ-ਪਾਸ ਦੱਖਣ-ਪੱਛਮੀ ਮਾਨਸੂਨ ਦੇ ਦੱਖਣੀ ਬੰਗਾਲ ਦੀ ਖਾੜੀ, ਅੰਡੇਮਾਨ ਸਾਗਰ ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ ਕੁਝ ਹਿੱਸਿਆਂ ਵਿੱਚ ਅੱਗੇ ਵਧਣ ਲਈ ਮੌਸਮ ਦੇ ਹਾਲਾਤ ਅਨੁਕੂਲ ਬਣ ਰਹੇ ਹਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਚੰਡੀਗੜ੍ਹ ਕੂਚ ਕਰ ਰਹੇ ਕਿਸਾਨਾਂ ਅਤੇ ਪੁਲੀਸ ਵਿਚਾਲੇ ਧੱਕਾ-ਮੁੱਕੀ

## ਪਾਣੀ ਦੀਆਂ ਵਾਛੜਾਂ ਨਾਲ ਛੱਡੇ ਹੰਝੂ ਗੈਸ ਦੇ ਗੋਲੇ, ਕਈ ਕਿਸਾਨ ਜ਼ਖ਼ਮੀ, ਦਰਜਨਾਂ ਹਿਰਾਸਤ ਵਿੱਚ

**ਐਸ ਏ ਐਸ ਨਗਰ, ।** ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਕਿਸਾਨਾਂ ਵਲੋਂ ਪੰਜਾਬ ਦੇ ਪਾਣੀਆਂ, ਘੱਟੋ ਘੱਟ ਸਮਰਥਨ ਕੀਮਤ ਅਤੇ ਹੋਰ ਮੰਗਾਂ ਨੂੰ ਲੈ ਕੇ ਪੰਜਾਬ ਦੇ ਰਾਜ ਭਵਨ ਦਾ ਘਿਰਾਓ ਕਰਨ ਲਈ ਕੀਤੇ ਜਾ ਰਹੇ ਮਾਰਚ ਨੂੰ ਚੰਡੀਗੜ੍ਹ ਪੁਲੀਸ ਵਲੋਂ ਬੈਰੀਕੇਡ ਲਗਾ ਕੇ ਰੋਕ ਲਿਆ ਗਿਆ।
ਇਸ ਦੌਰਾਨ ਕਿਸਾਨਾਂ ਵਲੋਂ ਬੈਰੀਕੇਡ ਹਟਾ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦੌਰਾਨ ਕਿਸਾਨਾਂ ਦੀ ਪੁਲੀਸ ਨਾਲ ਝੜਪ ਹੋ ਗਈ। ਇਸ ਦੌਰਾਨ ਚੰਡੀਗੜ੍ਹ-ਪੰਜਾਬ ਸਰਹੱਦ ਤੇ ਸਥਿਤੀ ਬੇਹੱਦ ਤਣਾਅਪੂਰਨ ਹੋ ਗਈ ਅਤੇ ਜਦੋਂ ਕਿਸਾਨਾਂ ਅਤੇ ਪੁਲੀਸ ਵਿਚਾਲੇ ਖਿੱਚਧੂਅ ਵੱਧ ਗਈ ਤਾਂ ਪੁਲੀਸ ਨੇ ਕਿਸਾਨਾਂ ਨੂੰ ਖਿੰਡਾਉਣ ਲਈ ਹਲਕਾ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ। ਇਸ ਦੌਰਾਨ ਕਿਸਾਨਾਂ ਤੇ ਪਾਣੀ ਦੀ ਵੌਛਾੜ ਵੀ ਛੱਡੀ ਗਈ। ਪੁਲੀਸ ਦੀ ਇਸ ਸਖ਼ਤ ਕਾਰਵਾਈ ਕਾਰਨ ਕੁੱਝ ਕਿਸਾਨ ਜ਼ਖ਼ਮੀ ਵੀ ਹੋਏ ਗਏ ਹਨ।
ਜਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਵੱਖ-ਵੱਖ ਮੰਗਾਂ ਨੂੰ ਲੈ ਕੇ ਅੱਜ ਚੰਡੀਗੜ੍ਹ ਸਥਿਤ ਰਾਜਪਾਲ ਭਵਨ ਦਾ ਘੇਰਾਓ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਵੱਡੀ ਗਿਣਤੀ ਵਿੱਚ ਕਿਸਾਨ ਟਰੈਕਟਰ-ਟਰਾਲੀਆਂ ਅਤੇ ਗੱਡੀਆਂ ਰਾਹੀਂ ਚੰਡੀਗੜ੍ਹ ਵੱਲ ਵਧ ਰਹੇ ਸਨ। ਪਰ ਚੰਡੀਗੜ੍ਹ ਪੁਲੀਸ ਨੇ ਮੁਸਤੈਦੀ ਦਿਖਾਉਂਦਿਆਂ ਕਿਸਾਨਾਂ ਨੂੰ ਸ਼ਹਿਰ ਦੀ ਹੱਦ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਹੀ ਰੋਕਣ ਲਈ ਮਜ਼ਬੂਤ ਬੈਰੀਕੇਡਿੰਗ ਕਰ



ਦਿੱਤੀ। ਸਰਹੱਦ ਤੇ ਲਗਾਏ ਨਾਕਿਆਂ ਕੋਲ ਪਹੁੰਚ ਕੇ ਕਿਸਾਨਾਂ ਅਤੇ ਪੁਲੀਸ ਦਰਮਿਆਨ ਤਿੱਖੀ ਬਹਿਸ ਹੋਈ, ਜੋ ਕੁਝ ਹੀ ਦੇਰ ਵਿੱਚ ਹੰਗਾਮੇ ਵਿੱਚ ਬਦਲ ਗਈ। ਜਦੋਂ ਕਿਸਾਨਾਂ ਨੇ ਬੈਰੀਕੇਡ ਹਟਾ ਕੇ ਜ਼ਬਰਦਸਤੀ ਅੱਗੇ ਵਧਣ ਦਾ ਯਤਨ ਕੀਤਾ, ਤਾਂ ਪੁਲੀਸ ਨੇ ਕਿਸਾਨਾਂ ਉੱਤੇ ਲਗਾਤਾਰ ਪਾਣੀ ਦੀਆਂ ਬੁਛਾੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਪਾਣੀ ਦੀ ਮਾਰ ਅਤੇ ਧੱਕਾਮੁੱਕੀ ਦੌਰਾਨ ਹਫੜਾ-ਦਫੜੀ ਮੱਚ ਗਈ, ਜਿਸ ਵਿੱਚ ਅਨੇਕਾਂ ਬਜ਼ੁਰਗ ਅਤੇ ਨੌਜਵਾਨ ਕਿਸਾਨਾਂ ਦੀਆਂ ਪੱਗਾਂ ਵੀ ਲੱਥ ਗਈਆਂ। ਇਸ ਦੇ ਬਾਵਜੂਦ ਜਦੋਂ ਸਥਿਤੀ ਬੇਕਾਬੂ ਹੋਣ ਲੱਗੀ, ਤਾਂ ਪੁਲੀਸ ਨੇ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ।
ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਗਵਰਨਰ ਹਾਊਸ ਚੰਡੀਗੜ੍ਹ ਵੱਲ ਕੂਚ ਕਰਨ ਦੇ ਦਿੱਤੇ ਗਏ ਸੱਦੇ ਤਹਿਤ ਮੁਹਾਲੀ ਵਿਖੇ ਕਿਸਾਨਾਂ ਦਾ ਧਰਨਾ ਆਰੰਭ ਹੋਇਆ ਸੀ। ਕਿਸਾਨਾਂ ਦਾ ਇਹ ਧਰਨਾ ਵਾਈ ਪੀ ਐਸ ਚੌਕ ਦੇ ਨੇੜੇ ਇੱਕ ਪਾਰਕ ਵਿਖੇ ਦਿੱਤਾ ਸੀ ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਜਿਨ੍ਹਾਂ ਵਿੱਚ ਬਲਬੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜ ਗਿੱਲ, ਹਰਿੰਦਰ ਸਿੰਘ ਲੱਖੋਵਾਲ ਪ੍ਰਮੁੱਖ ਇੱਥੇ ਪਹੁੰਚੇ ਹੋਏ ਸਨ। ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਕਿਸਾਨ, ਜਿਨ੍ਹਾਂ ਵਿੱਚ ਮਹਿਲਾਵਾਂ ਵੀ ਸ਼ਾਮਿਲ ਹਨ ਇਕੱਠ ਵਿੱਚ ਸ਼ਾਮਿਲ ਹੋਏ ਸਨ।

## ਅੰਮ੍ਰਿਤਸਰ ਹਵਾਈ ਅੱਡੇ 'ਤੇ ਕਸਟਮ ਵਿਭਾਗ ਵੱਲੋਂ ਵੱਡੀ ਕਾਰਵਾਈ, 2.58 ਕਰੋੜ ਰੁਪਏ ਦਾ ਸੋਨਾ ਬਰਾਮਦ



**ਅੰਮ੍ਰਿਤਸਰ**
ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਤੋਂ ਮਲੇਸ਼ੀਆ ਏਅਰਲਾਈਨਜ਼ ਦੀ ਫਲਾਈਟ MH-119 ਰਾਹੀਂ ਕੁਆਲਾਲੰਪੁਰ ਜਾ ਰਹੇ ਇੱਕ ਯਾਤਰੀ ਨੂੰ ਕਸਟਮ ਵਿਭਾਗ ਨੇ ਰੋਕਿਆ। ਵਿਸਤ੍ਰਿਤ ਜਾਂਚ, ਜਿਸ ਵਿੱਚ ਯਾਤਰੀ ਦੀ ਨਿੱਜੀ ਤਲਾਸ਼ੀ ਅਤੇ ਸਾਮਾਨ ਦੀ ਜਾਂਚ ਸ਼ਾਮਲ ਸੀ, ਦੌਰਾਨ ਅਧਿਕਾਰੀਆਂ ਨੇ 24 ਕੈਰਟ ਸੋਨਾ ਬਰਾਮਦ ਕੀਤਾ। ਇਹ ਸੋਨਾ ਕੜੇ ਅਤੇ ਬਿਸਕੁਟ ਦੇ ਰੂਪ ਵਿੱਚ ਲੁਕਾ ਕੇ ਰੱਖਿਆ ਗਿਆ ਸੀ। ਬਰਾਮਦ ਕੀਤੇ ਗਏ ਸੋਨੇ ਦਾ ਕੁੱਲ ਵਜ਼ਨ 1,676 ਗ੍ਰਾਮ ਦੱਸਿਆ ਗਿਆ ਹੈ, ਜਿਸ ਦੀ ਅਨੁਮਾਨਿਤ ਕੀਮਤ ਕਰੀਬ 2.58 ਕਰੋੜ ਰੁਪਏ ਹੈ। ਕਸਟਮ ਵਿਭਾਗ ਨੇ ਸੋਨੇ ਨੂੰ ਕਸਟਮ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਜ਼ਬਤ ਕਰ ਲਿਆ ਹੈ, ਜਦਕਿ ਯਾਤਰੀ ਨੂੰ ਗ੍ਰਿਫ਼ਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।


SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਇੰਗਲੈਂਡ ਦੇ ਸਕੂਲਾਂ ’ਚ ਮੈਨਿੰਜਾਈਟਿਸ ਦੇ ਨਵੇਂ ਮਾਮਲੇ, ਇੱਕ ਵਿਦਿਆਰਥੀ ਦੀ ਮੌਤ

## ਦੋ ਵਿਦਿਆਰਥਣਾਂ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ

**ਲੈਸਟਰ(ਇੰਗਲੈਂਡ ),15 ਮਈ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਰੀਡਿੰਗ ਅਤੇ ਆਕਸਫੋਰਡਸ਼ਾਇਰ ਇਲਾਕਿਆਂ ਵਿੱਚ ਮੈਨਿੰਜਾਈਟਿਸ ਦੇ ਨਵੇਂ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਚਿੰਤਾ ਦਾ ਮਾਹੌਲ ਬਣ ਗਿਆ ਹੈ। ਇੱਕ ਸਿਕਸਥ ਫਾਰਮ ਵਿਦਿਆਰਥੀ ਦੀ ਮੌਤ ਹੋ ਗਈ ਹੈ, ਜਦਕਿ ਦੋ ਹੋਰ ਵਿਦਿਆਰਥੀਆਂ ਦਾ ਇਲਾਜ ਚੱਲ ਰਿਹਾ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਮਾਮਲੇ ਕੇਂਟ ਵਿੱਚ ਮਾਰਚ ਮਹੀਨੇ ਦੌਰਾਨ ਫੈਲੇ ਮੈਨਿੰਜਾਈਟਿਸ ਬੀ ਦੇ ਪ੍ਰਕੋਪ ਨਾਲ ਜੁੜੇ ਨਹੀਂ ਹਨ।

ਮ੍ਰਿਤਕ ਵਿਦਿਆਰਥੀ ਦੀ ਪਛਾਣ ਆਕਸਫੋਰਡਸ਼ਾਇਰ ਦੇ ਹੈਨਲੀ ਕਾਲਜ ਦੇ ਵਿਦਿਆਰਥੀ ਵਜੋਂ ਹੋਈ ਹੈ। ਇਸ ਤੋਂ ਇਲਾਵਾ ਰੀਡਿੰਗ ਬਲੂ ਕੋਟ ਸਕੂਲ ਅਤੇ ਹਾਈਡਾਊਨ ਸੈਕੰਡਰੀ ਸਕੂਲ ਐਂਡ ਸਿਕਸਥ ਫਾਰਮ ਸੈਂਟਰ ਦੇ ਦੋ ਵਿਦਿਆਰਥੀਆਂ ਦਾ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਯੂਕੇ ਹੈਲਥ ਸਕਿਊਰਟੀ ਏਜੰਸੀ (ਯੂਕੇਐਚਐਸਏ) ਨੇ ਦੱਸਿਆ ਕਿ ਤਿੰਨਾਂ ਮਾਮਲਿਆਂ ਵਿੱਚ ਮੈਨਿੰਗੋਕੋਕਲ ਇਨਫੈਕਸ਼ਨ ਦੀ ਪੁਸ਼ਟੀ ਹੋਈ ਹੈ। ਸਿਹਤ ਅਧਿਕਾਰੀਆਂ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਲੋਕਾਂ ਨੂੰ ਸਾਵਧਾਨੀ ਵਜੋਂ ਐਂਟੀਬਾਇਓਟਿਕ ਦਵਾਈਆਂ ਦੇਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਿਹਤ ਸੁਰੱਖਿਆ ਵਿਭਾਗ ਦੀ ਕਨਸਲਟੈਂਟ ਡਾ. ਰੇਚਲ ਮੀਰਕਲ ਨੇ ਕਿਹਾ ਕਿ ਇਹ ਖ਼ਬਰ ਬਹੁਤ ਦੁਖਦਾਈ ਹੈ ਅਤੇ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਅਤੇ ਦੋਸਤਾਂ ਨਾਲ



ਇੰਗਲੈਂਡ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਮੈਨਿੰਜਾਈਟਿਸ ਦੇ ਨਵੇਂ ਮਾਮਲਿਆਂ ਤੋਂ ਬਾਅਦ ਸਿਹਤ ਵਿਭਾਗ ਅਲਰਟ ’ਤੇ। ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਸੰਵੇਦਨਾ ਪ੍ਰਗਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਚਿੰਤਾ ਹੋਣਾ ਕੁਦਰਤੀ ਹੈ, ਪਰ ਮੈਨਿੰਜਾਈਟਿਸ ਆਮ ਤੌਰ ’ਤੇ ਬਹੁਤ ਨੇੜਲੇ ਸੰਪਰਕ ਨਾਲ ਹੀ ਫੈਲਦੀ ਹੈ ਅਤੇ ਵੱਡੇ ਪੱਧਰ ’ਤੇ ਇਸ ਦੇ ਫੈਲਣ ਦੇ ਮਾਮਲੇ ਘੱਟ ਹੀ ਹੁੰਦੇ ਹਨ। ਯੂਕੇ ਹੈਲਥ ਸਕਿਊਰਟੀ ਏਜੰਸੀ ਨੇ ਕਿਹਾ ਕਿ ਮੌਜੂਦਾ ਸਮੇਂ ਇਹ ਮਾਮਲੇ ਸੀਮਿਤ ਗਰੁੱਪਾਂ ਤੱਕ ਹੀ ਹਨ ਅਤੇ ਆਮ ਲੋਕਾਂ ਲਈ ਖ਼ਤਰਾ ਘੱਟ ਮੰਨਿਆ ਜਾ ਰਿਹਾ ਹੈ।

ਸਿਹਤ ਟੀਮਾਂ ਸਕੂਲਾਂ ਅਤੇ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਸਥਿਤੀ ’ਤੇ ਨਜ਼ਰ ਰੱਖ ਰਹੀਆਂ ਹਨ।ਹੈਨਲੀ ਕਾਲਜ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਕਾਲਜ ਪ੍ਰਬੰਧਕਾਂ ਦੀਆਂ ਸੰਵੇਦਨਾਵਾਂ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਨਾਲ ਹਨ ਅਤੇ ਕਾਲਜ ਵੱਲੋਂ ਪ੍ਰਭਾਵਿਤ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ। ਕਾਲਜ ਨੇ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਦਿਆਂ ਹੋਰ ਵੇਰਵੇ ਜਾਰੀ ਕਰਨ ਤੋਂ ਇਨਕਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਸਾਲ ਮਾਰਚ ਵਿੱਚ ਕੇਂਟ ਵਿੱਚ ਮੈਨਿੰਜਾਈਟਿਸ ਬੀ ਦੇ ਪ੍ਰਕੋਪ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਸੀ। ਉਸ ਵੇਲੇ ਹਜ਼ਾਰਾਂ ਲੋਕਾਂ ਨੂੰ ਟੀਕੇ ਅਤੇ ਐਂਟੀਬਾਇਓਟਿਕ ਦਵਾਈਆਂ ਦਿੱਤੀਆਂ ਗਈਆਂ ਸਨ ਤਾਂ ਜੋ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਯੂਨੀਵਰਸਿਟੀ ਆਫ਼ ਬਾਥ ਦੇ ਮਾਈਕ੍ਰੋਬਾਇਲ ਪੈਥੋਜੈਨਿਸਿਟੀ ਦੇ ਪ੍ਰੋਫੈਸਰ ਐਂਡਰੂ ਪ੍ਰੈਸਟਨ ਨੇ ਕਿਹਾ ਕਿ ਨਵੇਂ ਮਾਮਲੇ ਵੀ ਕਾਲਜ ਉਮਰ ਦੇ ਨੌਜਵਾਨਾਂ ਵਿੱਚ ਸਾਹਮਣੇ ਆਏ ਹਨ, ਪਰ ਹੁਣ ਤੱਕ ਇਹ ਮਾਮਲੇ ਇਕ ਖਾਸ ਸਮਾਜਿਕ ਗਰੁੱਪ ਤੱਕ ਹੀ ਸੀਮਿਤ ਹਨ। ਉਨ੍ਹਾਂ ਕਿਹਾ ਕਿ ਤੁਰੰਤ ਸੰਪਰਕ ਖੋਜ ਅਤੇ ਦਵਾਈਆਂ ਦੇਣ ਕਾਰਨ ਹਾਲਾਤ ’ਤੇ ਕਾਬੂ ਪਾਉਣ ਵਿੱਚ ਮਦਦ ਮਿਲ ਰਹੀ ਹੈ। ਮਾਹਿਰਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜੇਕਰ ਕਿਸੇ ਨੂੰ ਤੇਜ਼ ਬੁਖ਼ਾਰ, ਸਿਰ ਦਰਦ, ਗਰਦਨ ਵਿੱਚ ਜਕੜਨ, ਚੱਕਰ ਆਉਣ, ਚਮੜੀ ’ਤੇ ਦਾਣੇ ਜਾਂ ਰੋਸ਼ਨੀ ਤੋਂ ਤਕਲੀਫ਼ ਵਰਗੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰੀ ਸਲਾਹ ਲਈ ਜਾਵੇ।

# ਅਲਪਾਈਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ 12ਵੀਂ ਦੀ ਬੋਰਡ ਪ੍ਰੀਖਿਆ ’ਚ ਸ਼ਾਨਦਾਰ ਪ੍ਰਦਰਸ਼ਨ

**ਲੁਧਿਆਣਾ 15 ਮਈ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਦੇ ਫਿਰੋਜ਼ਪੁਰ ਰੋਡ ਸਥਿਤ ਅਲਪਾਈਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸੀ.ਬੀ.ਐਸ.ਈ. ਬਾਰ੍ਹਵੀਂ ਜਮਾਤ ਦੀ ਬੋਰਡ ਪ੍ਰੀਖਿਆ ਵਿੱਚ 100 ਫ਼ੀਸਦੀ ਅੰਕ ਪ੍ਰਾਪਤ ਕਰ ਸਕੂਲ ਦਾ ਨਾਮ ਰੌਸ਼ਨ ਕੀਤਾ । ਸਾਲਾਨਾ ਪ੍ਰੀਖਿਆ ਦੇ ਨਤੀਜ਼ੇ ਵਿੱਚ ਨਾਨ ਮੈਡੀਕਲ ਸਟਰੀਮ ’ਚ ਸਕੂਲ ਦੇ ਵਿਦਿਆਰਥੀ ਰਿਸ਼ਭ ਜੈਨ ਨੇ 95 ਫ਼ੀਸਦੀ, ਧਾਨਿਸ਼ਠਾ ਛਾਬੜਾ ਨੇ 90 ਫ਼ੀਸਦੀ ਅਤੇ ਆਰਵ ਅਗਰਵਾਲ ਨੇ 91 ਫ਼ੀਸਦੀ ਅੰਕ ਪ੍ਰਾਪਤ ਕੀਤੇ, ਜਦਕਿ ਮੈਡੀਕਲ ਸਟਰੀਮ ਵਿੱਚ ਸ਼ਿਯਾਨਾ ਸੋਂਧੀ ਨੇ 88 ਫ਼ੀਸਦੀ ਅੰਕ ਪ੍ਰਾਪਤ ਕੀਤੇ। ਆਰਟਸ ਸਟਰੀਮ ਵਿੱਚ ਕਰਮਜੀਤ ਸਿੰਘ ਨੇ 86 ਫ਼ੀਸਦੀ ਅਤੇ ਸਿਧਾਰਥ ਅਰੋੜਾ ਨੇ ਵੀ 86 ਫ਼ੀਸਦੀ ਅਤੇ ਹੇਜ਼ਲ ਬੁੱਧੀਰਾਜਾ ਨੇ 90 ਫ਼ੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ । ਸਾਰੇ ਮੈਡੀਕਲ, ਨਾਨ ਮੈਡੀਕਲ ਅਤੇ ਆਰਟਸ ਸਟਰੀਮ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸ਼ਲਾਘਾਯੋਗ ਅੰਕ ਪ੍ਰਾਪਤ ਕੀਤੇ, ਜੋ ਕਿ ਸਕੂਲ ਪ੍ਰਬੰਧਨ ਅਤੇ ਸਟਾਫ਼ ਲਈ ਮਾਣ ਵਾਲੀ ਗੱਲ ਹੈ ।ਇਸ ਮੌਕੇ ’ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸਕੂਲ ਪ੍ਰਿੰਸੀਪਲ




ਅੰਚਿਤ ਧੀਰ ਨੇ ਕਿਹਾ ਕਿ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਮਰਪਣ, ਅਨੁਸ਼ਾਸਨ ਅਤੇ ਮਾਰਗਦਰਸ਼ਨ ਸਫਲਤਾ ਪ੍ਰਦਾਨ ਕਰਦੇ ਹਨ। ਇਸ ਲਈ ਸਾਨੂੰ ਇਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ’ਤੇ ਮਾਣ ਹੈ ਅਤੇ ਅਧਿਆਪਕਾਂ ਤੇ ਮਾਪਿਆਂ ਦੇ ਨਿਰੰਤਰ ਸਮਰਥਨ ਲਈ ਧੰਨਵਾਦੀ ਹਾਂ। ਸਕੂਲ ਪ੍ਰਬੰਧਨ ਵੱਲੋਂ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਸਕੂਲ ਸਟਾਫ਼ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ, ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਸਕੂਲ ਦਾ ਨਾਮ ਰੌਸ਼ਨ ਹੋਇਆ ।

# ਓਵਰਟੇਕ ਕਰਦਾ ਟਰੈਕਟਰ ਟਰਾਲੀ ਸਤੁੰਨਲ ਵਿਗੜੀਆ ਅਤੇ ਬੈਕਾਬੂ ਹੋ ਕੇ ਡਿਵਾਈਡਰ ਤੇ ਜਾ ਚੜ੍ਹਿਆ, ਵੱਡਾ ਹਾਦਸਾ ਹੋਣੋ ਟਲਿਆ

**ਨਵਾਂਸ਼ਹਿਰ /ਕਾਠਗੜ੍ਹ 15 ਮਈ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਅੱਡਾ ਕਾਠਗੜ੍ਹ ਮੋੜ ਤੇ ਇੱਕ ਟਰੈਕਟਰ ਟਰਾਲੀ ਜੋ ਕਿ ਦੂਸਰੇ ਵਾ। ਵਾਹਨ ਨੂੰ ਓਵਰਟੇਕ ਕਰ ਰਿਹਾ ਓਵਰਟੇਕ ਕਰਦੇ ਸਮੇਂ ਟਰੈਕਟਰ ਟਰਾਲੀ ਦਾ ਸਤੁੰਨਲ ਵਿਗੜ ਜਿਸ ਨਾਲ ਟਰੈਕਟਰ ਟਰਾਲੀ ਬੈਕਾਬੂ ਹੋ ਕੇ ਡਿਵਾਈਡਰ ਤੇ ਜਾ ਚੜ੍ਹਿਆ ਅਤੇ ਵੱਡਾ ਹਾਦਸਾ ਹੋਣੋ ਟਲ ਗਿਆ ਇਸ ਸਬੰਧੀ ਮੋਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਟਰੈਕਟਰ ਨੂੰ ਰਜਿੰਦਰ ਸਿੰਘ ਵਾਸੀ ਬਰਨਾਲਾ ਚਲਾ ਰਿਹਾ ਸੀ ਜੋ ਕਿ ਫੈਕਟਰੀ ਵਿੱਚ ਤੁੜੀ ਦਾ



ਭੁੰਗ ਖ਼ਾਲੀ ਕਰਕੇ ਆ ਰਿਹਾ ਸੀ ਇਹ ਟਰੈਕਟਰ ਟਰਾਲੀ ਰੋਪੜ੍ਹ ਸਾਇਡ ਤੋਂ ਬਲਾਚੌਰ ਸਾਈਡ ਜਾ ਰਿਹਾ ਸੀ ਜਦੋਂ ਇਹ ਕਾਠਗੜ੍ਹ ਮੋੜ ਤੇ ਪਹੁੰਚੀਆਂ ਤਾਂ ਇਹ ਟਰੈਕਟਰ ਦੂਸਰੇ ਵਾਹਨ ਨੂੰ ਓਵਰਟੇਕ ਕਰਨ ਦੇ ਚੱਕਰ ਵਿੱਚ ਆਪਣਾ ਸਤੁੰਨਲ ਵਿਗਾੜ ਬੈਠਾ ਜਿਸ ਨਾਲ ਇਹ ਹਾਦਸਾ ਵਾਪਰ ਗਿਆ ਵਰਨਣਯੋਗ ਹੈ ਕਿ ਹਾਦਸੇ ਦੀ ਖਬਰ ਜਦੋਂ ਐਸ ਐਸ ਐਫ ਟੀਮ ਨੂੰ ਪਤਾ ਲੱਗੀ ਤਾਂ ਤਰੁੰਤ ਮੌਕੇ ਤੇ ਪਹੁੰਚ ਕੇ ਟਰੈਕਟਰ ਟਰਾਲੀ ਨੂੰ ਸਾਇਡ ਤੇ ਕਰਵਾਇਆ ਅਤੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਲਾਚੌਰ ਵਿਖੇ ਕਰੀਅਰ ਕਾਊਸਲਿੰਗ ਪ੍ਰੋਗਰਾਮ ਆਯੋਜਿਤ



**ਬਲਾਚੌਰ , 15 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਗੁਲਪ੍ਰੀਤ ਸਿੰਘ ਔਲਖ ਆਈ ਏ ਐਸ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਜੀ ਦੀ ਯੋਗ ਅਗਵਾਈ ਹੇਠ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਬਲਾਚੌਰ ਵਿਖੇ ਕਰੀਅਰ ਕਾਊਸਲਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ਼੍ਰੀ ਸੰਦੀਪ ਕੁਮਾਰ ਪੀ. ਸੀ ਐਸ (ਏ) ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ 12ਵੀਂ ਕਲਾਸ ਦੇ ਵਿਦਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਾਲ ਹੀ ਵਿਦਆਰਥੀਆਂ ਨੂੰ ਲਿਖਤੀ ਪ੍ਰੀਖਿਆ ਦੇ ਵਿਸ਼ੇ ਜਿਵੇਂ ਕਿ ਆਮ ਗਿਆਨ, ਸਾਧਾਰਨ ਵਿਗਆਨ, ਗਣਿਤ, ਕਰੰਟ ਅਫੇਅਰਜ਼, ਲਾਜ਼ਿਕਲ ਰੀਜ਼ਨਿੰਗ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਵਿਦਆਰਥੀਆਂ ਨੂੰ ਕਮਰਸ ਸਟਰੀਮ ਦੀ ਡਿਗਰੀਆਂ ਜਿਵੇਂ ਕਿ ਬੀ.ਕਾਮ, ਬੀ.ਬੀ.ਏ, ਬੀ.ਸੀ.ਏ ਦੀ ਪੜ੍ਹਾਈ ਤੋਂ ਬਾਅਦ ਪੀ.ਓ (ਬੈਕਿੰਗ ਲਾਈਨ) ਅਤੇ ਹੋਰ ਕਿੱਤਿਆ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਉਹਨਾਂ ਵੱਲੋਂ ਵਿਦਆਰਥੀਆਂ ਨੂੰ ਪੁਲਿਸ ਦੀ ਭਰਤੀ ਲਈ ਐਸ.ਸੀ.ਸੀ, ਸੀ.ਐਚ.ਐਸ.ਐਲ, ਸੀ.ਜੀ.ਐਲ ਬਾਰੇ ਜਾਣਕਾਰੀ ਦਿੱਤੀ ਗਈ। ਸ਼੍ਰੀਮਤੀ ਹਿਨਾ ਭਾਟੀਆ, ਯੰਗ ਪ੍ਰੋਫੈਸ਼ਨਲ ਐਮ.ਸੀ.ਸੀ ਵੱਲੋਂ ਵੀ ਵਿਦਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਖਵੱਖ ਟੂਲਜ਼ ਦੀ ਸਹੀ ਤਰੀਕੇ ਨਾਲ ਵਰਤੋਂ ਕਰਨ ਤੇ ਜ਼ੋਰ ਦਿੱਤਾ ਗਿਆ। ਇਹਨਾਂ ਟੂਲਜ਼ ਦੀ ਮੱਦਦ ਨਾਲ ਵਿਦਆਰਥੀ ਪਰੈਜ਼ਿਨਟੇਸ਼ਨ ਤਿਆਰ ਕਰਨੀ, ਇੰਟਰਵਿਊ ਦੀ ਤਿਆਰੀ ਲਈ ਸਵਾਲ ਜਵਾਬ, ਕਿਉਂਜ਼ ਸਬੰਧੀ ਸਵਾਲ ਜਵਾਬ ਆਦਿ ਵਰਗੇ ਕੰਮ ਬਹੁਤ ਹੀ ਆਸਾਨੀ ਨਾਲ ਕਰ ਸਕਦੇ ਹਨ।

# ਸਰਪੰਚ ਵੱਲੋਂ ਸੱਤਿਆ ਭਾਰਤੀ ਸਕੂਲ ਤੁੰਗਾਂਹੇੜੀ ਨੂੰ ਠੰਢੇ ਪਾਣੀ ਵਾਲਾ ਇਲੈਕਟ੍ਰਿਕ ਵਾਟਰ ਕੂਲਰ ਤੇ ਫਿਲਟਰ ਭੇਂਟ



**ਰਾਏਕੋਟ,15 ਮਈ (ਗੁਰਭਿੰਦਰ ਗੁਰੀ)** ਨਜਦੀਕੀ ਪਿੰਡ ਤੁੰਗਾਂਹੇੜੀ ਦੇ ਸਰਪੰਚ ਜਗਪ੍ਰੀਤ ਸਿੰਘ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਸੱਤਿਆ ਭਾਰਤੀ ਸਕੂਲ ਤੁੰਗਾਂਹੇੜੀ ਨੂੰ ਠੰਢੇ ਪਾਣੀ ਵਾਲਾ ਇਲੈਕਟ੍ਰਿਕ ਵਾਟਰ ਕੂਲਰ ਅਤੇ ਪਾਣੀ ਫਿਲਟਰ ਭੇਂਟ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਸ਼ਰਨਜੀਤ ਕੌਰ, ਸਕੂਲ ਪ੍ਰਬੰਧਕ ਕਮੇਟੀ, ਅਧਿਆਪਕਾਂ ਅਤੇ ਪਿੰਡ ਵਾਸੀਆਂ ਵੱਲੋਂ ਸਰਪੰਚ ਦਾ ਧੰਨਵਾਦ ਕੀਤਾ ਗਿਆ। ਸਕੂਲ ਮੁੱਖ ਅਧਿਆਪਕਾ ਸ਼ਰਨਜੀਤ ਕੌਰ ਨੇ ਕਿਹਾ ਕਿ ਗਰਮੀ ਦੇ ਮੌਸਮ ਵਿੱਚ ਬੱਚਿਆਂ ਲਈ ਸਾਫ਼ ਅਤੇ ਠੰਢੇ ਪਾਣੀ ਦੀ ਸਹੂਲਤ ਬਹੁਤ ਜ਼ਰੂਰੀ ਹੁੰਦੀ ਹੈ। ਸਰਪੰਚ ਜਗਪ੍ਰੀਤ ਸਿੰਘ ਵੱਲੋਂ ਦਿੱਤਾ ਗਿਆ ਇਹ ਯੋਗਦਾਨ ਵਿਦਿਆਰਥੀਆਂ ਦੀ ਸਿਹਤ ਲਈ ਕਾਫੀ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਜਿਕ ਉਪਰਾਲੇ ਹੋਰ ਲੋਕਾਂ ਲਈ ਵੀ ਪ੍ਰੇਰਣਾ ਬਣਦੇ ਹਨ। ਇਸ ਦੌਰਾਨ ਸਰਪੰਚ ਜਗਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਕੂਲਾਂ ਦਾ ਵਿਕਾਸ ਕਰਨਾ ਅਤੇ ਬੱਚਿਆਂ ਨੂੰ ਵਧੀਆ ਸਹੂਲਤਾਂ ਦੇਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਕੂਲ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਸਰਪੰਚ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਬੱਚਿਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਸਕੂਲ ਪ੍ਰਤੀ ਲੋਕਾਂ ਦਾ ਵਿਸ਼ਵਾਸ ਹੋਰ ਮਜ਼ਬੂਤ ਹੋਵੇਗਾ। ਇਸ ਮੌਕੇ ਮੈਡਮ ਪਰਵੀਨ ਕੌਰ, ਕਮਲਜੀਤ ਕੌਰ, ਅਮਨਦੀਪ ਕੌਰ, ਵੀਰਪਾਲ ਕੌਰ, ਸੁਮਨਦੀਪ ਕੌਰ ਆਦਿ ਹਾਜ਼ਰ ਸਨ।

# ਹਲਵਾਰਾ ਹਵਾਈ ਅੱਡੇ ਤੋਂ ਪਹਿਲੀ ਉਡਾਨ ਆਰੰਭਤਾ ਦੀ ਅਰਦਾਸ ਜੱਥੇ: ਗਿਆਨੀ ਰਣਜੀਤ ਸਿੰਘ ਨੇ ਕੀਤੀ, ਜੈਕਾਰਿਆਂ ਦੀ ਗੂੰਜ ਨਾਲ ਉਡਾਨ ਭਰੀ

**●ਪ੍ਰਵਾਸੀ ਪੰਜਾਬੀ, ਵਪਾਰੀ ਵਰਗ ਅਤੇ ਕਾਰਗੋ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਵਿਸ਼ੇਸ਼ ਲਾਭ ਮਿਲੇਗਾ- ਜੱਥੇ: ਨਿਮਾਣਾ ●ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਨੇ ਸੰਗਤਾਂ ਨੂੰ ਡਰਾਈ ਫਰੂਟ ਦਾ ਪ੍ਰਸ਼ਾਦ ਵੰਡਿਆ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਲਵਾਰਾ ਅੱਡੇ ਤੋਂ ਦਿੱਲੀ ਲਈ ਏਅਰ ਇੰਡੀਆ ਦੀ ਪਹਿਲੀ ਉਡਾਨ ਆਰੰਭਤਾ ਦੀ ਅਰਦਾਸ ਤਖਤ ਸ਼੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਕੀਤੀ। ਜੈਕਾਰਿਆਂ ਦੀ ਗੂੰਜ ਦੇ ਵਿੱਚ ਹਲਵਾਰਾ ਏਅਰਪੋਰਟ ਤੋਂ ਪਹਿਲੀ ਉਡਾਨ ਦਿੱਲੀ ਲਈ ਰਵਾਨਾ ਹੋਈ। ਇਸ ਮੌਕੇ ਤੇ ਸੰਤ ਬਾਬਾ ਸੁਖਬੀਰ ਸਿੰਘ ਖਾਲਸਾ ਸਰਪ੍ਰਸਤ ਗੁਰਦੁਆਰਾ ਗੁਰੂ ਨਾਨਕ ਸਿਮਰਨ ਕੇਂਦਰ ਅਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੋਸਾਇਟੀ ਨੇ ਹਲਵਾਰਾ ਏਅਰਪੋਰਟ ਤੋਂ ਪਹਿਲੀ ਉਡਾਨ ਵਿੱਚ ਸਫਰ ਕਰਨ ਜਾ ਰਹੇ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਸੰਤ ਦੀਪਕ ਸਿੰਘ ਦੌਧਰ, ਕੇ.ਕੇ ਬਾਵਾ ਸਰਪ੍ਰਸਤ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ, ਸ੍ਰ: ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟ੍ਰਸਟ ਲੁਧਿਆਣਾ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਬੀਬੀ ਕਰਮਜੀਤ ਕੌਰ ਛੰਦੜਾ, ਕਰਨੈਲ ਸਿੰਘ ਗਿੱਲ ਨੂੰ ਸਿਰੋਪਾਉ ਭੇਂਟ ਕਰਕੇ ਸਨਮਾਨਿਤ ਕੀਤਾ । ਸੰਤ



ਬਾਬਾ ਸੁਖਬੀਰ ਸਿੰਘ ਖਾਲਸਾ ਨੇ ਹਵਾਈ ਸਫਰ ਕਰਨ ਵਾਲੀ ਸੰਗਤ ਨੂੰ ਉਡਾਨ ਭਰਨ ਲਈ ਅਸ਼ੀਰਵਾਦ ਦਿੱਤਾ ਅਤੇ ਡਰਾਈ ਫਰੂਟ ਦਾ ਪ੍ਰਸ਼ਾਦ ਵੰਡਿਆ। ਇਸ ਸਮੇਂ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੋਸਾਇਟੀ ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਕਿਹਾ ਕਿ ਹਲਵਾਰਾ ਹਵਾਈ ਅੱਡੇ ਤੋਂ ਉਡਾਨ ਦੀ ਸ਼ੁਰੂਆਤ ਪੰਜਾਬ ਲਈ ਸ਼ੁਭ ਸ਼ਗਨ ਹੈ, ਦੀ ਵਧਾਈਆਂ ਦਿੰਦੇ ਹੋਏ ਕਿਹਾ ਕਿ ਇਸ ਨਾਲ ਪ੍ਰਵਾਸੀ ਪੰਜਾਬੀ, ਵਪਾਰੀ ਵਰਗ, ਅਤੇ ਕਾਰਗੋ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਵਿਸ਼ੇਸ਼ ਲਾਭ ਮਿਲੇਗਾ। ਇਸ ਮੌਕੇ ਤੇ ਕੇ.ਕੇ.ਬਾਵਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਨੇ ਤਕਰੀਬਨ 15 ਸਾਲ ਪਹਿਲਾਂ 500 ਪੰਚਾਂ, ਸਰਪੰਚਾਂ ਦੇ ਹਸਤਾਖਰ ਕਰਵਾ ਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਭੇਜੇ ਸਨ ਕਿ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡਾ ਜਲਦੀ ਬਣਾ ਕੇ ਉਡਾਣਾਂ ਸ਼ੁਰੂ ਕੀਤੀਆਂ ਜਾਣ । ਇਸ ਸਮੇਂ ਉਹਨਾਂ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਡਾਕਟਰ ਮਨਮੋਹਨ ਸਿੰਘ ਨੂੰ ਯਾਦ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਧਾਈ ਦਿੱਤੀ ਅਤੇ ਫਾਊਂਡੇਸ਼ਨ ਵੱਲੋਂ ਧੰਨਵਾਦ ਕੀਤਾ ।

# ਫਾਸ਼ੀਵਾਦੀ ਸ਼ਕਤੀਆਂ ਦੇ ਟਾਕਰੇ ਲਈ ਪੰਜਾਬ ਨੂੰ ਇੱਕ ਮਜ਼ਬੂਤ ਖੱਬੇਪੱਖੀ ਬਲਾਕ ਦੀ ਜ਼ਰੂਰਤ - ਦੀਪੰਕਰ ਭਟਾਚਾਰੀਆ





**ਮਾਨਸਾ,15 ਮਈ (ਜਸਵੰਤ ਗਿੱਲ)** ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਭਾਜਪਾ ਜਰਮਨੀ ਦੇ ਫਾਸੀਵਾਦੀਆਂ ਵਾਂਗ ਹੀ ਦੇਸ਼ ਵਿੱਚ ਸੰਸਦ ਰਾਹੀਂ ਦੇਸ਼ ਭਰ ਵਿੱਚ ਇਕ ਪਾਰਟੀ ਦੇ ਗਲਬੇ ਵੱਲ ਵਧ ਰਹੀ ਹੈ। ਇਹ ਗੱਲ ਸੀਪੀਆਈ (ਐਮ ਐਲ) ਲਿਬਰੇਸ਼ਨ ਦੇ ਜਨਰਲ ਸਕੱਤਰ ਕਾਮਰੇਡ ਦੀਪੰਕਰ ਭਟਾਚਾਰੀਆ ਨੇ ਮਾਨਸਾ ਵਿੱਚ 'ਨਾਗਰਿਕ ਸਮਾਜ ਨਾਲ ਇੱਕ ਸੰਵਾਦ' ਸੰਮੇਲਨ ਦੌਰਾਨ ਕਹੀ। ਉਹ ਇਥੇ ਸੀਪੀਆਈ (ਐਮ ਐਲ) ਲਿਬਰੇਸ਼ਨ ਦੀ ਸੂਬਾ ਕਮੇਟੀ ਦੀ ਤਿੰਨ ਰੋਜ਼ਾ ਮੀਟਿੰਗ ਵਿੱਚ ਹਿੱਸਾ ਲੈਣ ਪਹੁੰਚੇ ਸਨ।

ਕਾਮਰੇਡ ਦੀਪੰਕਰ ਨੇ ਕਿਹਾ ਕਿ ਜਰਮਨੀ ਵਿੱਚ ਯਹੂਦੀਆਂ ਵਿਰੋਧੀ ਜਿਹੜਾ ਮਾਹੌਲ ਹਿਟਲਰ ਅਤੇ ਉਸਦੀ ਪਾਰਟੀ ਨੇ ਬਣਾਇਆ ਸੀ, ਭਾਰਤ ਵਿੱਚ ਮੁਸਲਮਾਨਾਂ ਦੇ ਵਿਰੁਧ ਉਹੀ ਮਾਹੌਲ ਭਾਜਪਾ-ਆਰਐੱਸਐੱਸ ਨੇ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਬੰਗਾਲ ਦਾ ਆਜ਼ਾਦੀ ਦੀ ਲੜਾਈ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਪਰ 1947 ਵਿੱਚ ਇਹਨਾਂ ਦੋਵੇਂ ਰਾਜਾਂ ਨੂੰ ਫਿਰਕੂ ਆਧਾਰ ਉੱਤੇ ਦੋ ਦੋ ਟੁਕੜਿਆਂ ਵਿੱਚ ਵੰਡ ਦਿੱਤਾ ਗਿਆ। ਪਰ ਬੀਤੇ ਵਿੱਚ ਅਸੀਂ ਵੇਖਿਆ ਕਿ ਪੰਜਾਬ ਦੇ ਲੋਕ ਉਸ ਫਿਰਕੂ ਰਾਜਨੀਤੀ ਨੂੰ ਅਲਵਿਦਾ ਆਖ ਕੇ ਕਸ਼ਮੀਰੀਆਂ ਅਤੇ ਮੁਸਲਿਮਾਂ ਦੇ ਮੁੱਦਿਆਂ ਉੱਤੇ ਉਨ੍ਹਾਂ ਦੇ ਨਾਲ ਖੁੱਲ੍ਹ ਕੇ ਖੜ੍ਹੇ ਹੁੰਦੇ ਰਹੇ ਹਨ। ਜਦਕਿ ਬੰਗਾਲ ਵਿੱਚ ਫਿਰਕੂ ਵੰਡ ਵਾਲੀ ਉਹ ਰਾਜਨੀਤੀ ਅਜੇ ਵੀ ਮੌਜੂਦ ਹੈ ਅਤੇ ਵਧਦੀ ਜਾ ਰਹੀ ਹੈ। ਹੁਣ ਇਸੇ ਧਰੁਵੀਕਰਨ ਨੂੰ ਹੋਰ ਤਿੱਖਾ ਕਰਦਿਆਂ ਬੀਜੇਪੀ ਨੇ ਉਥੇ ਵੱਡੀ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕਸਭਾ ਚੋਣਾਂ ਵਿੱਚ ਬੀਜੇਪੀ ਕੁਝ ਕਮਜ਼ੋਰ ਹੋਈ ਸੀ। ਪਰ ਉਸ ਤੋਂ ਬਾਅਦ ਉਸਦੀ ਤਾਕਤ ਲਗਾਤਾਰ ਵਧ ਰਹੀ ਹੈ। ਇਸ ਵਿੱਚ ਚੋਣ ਕਮਿਸ਼ਨ, ਈਡੀ, ਸੀਬੀਆਈ ਅਤੇ ਨਿਆਂਪਾਲਿਕਾ ਵਰਗੀਆਂ ਸੰਵਿਧਾਨਿਕ ਸੰਸਥਾਵਾਂ ਬੀਜੇਪੀ ਨੂੰ ਖੁੱਲ੍ਹ ਕੇ ਮਦਦ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਅਤੇ ਅਮਰੀਕਾ ਤੇ ਟਰੰਪ ਦੇ ਸਾਹਮਣੇ ਮੁਕੰਮਲ ਸਮਰਪਣ ਵਾਲੀਆਂ ਨੀਤੀਆਂ ਨੇ ਦੇਸ਼ ਨੂੰ ਵੱਡੇ ਆਰਥਿਕ ਸੰਕਟ ਅਤੇ ਦੁਨੀਆਂ ਤੋਂ ਨਿਖੇੜੇ ਵੱਲ ਧੱਕ ਦਿੱਤਾ ਹੈ। ਦੋ ਦਿਨ ਪਹਿਲਾਂ ਦਿੱਤਾ ਗਿਆ ਪ੍ਰਧਾਨ ਮੰਤਰੀ ਮੋਦੀ ਦਾ ਭਾਸ਼ਣ ਦਰ ਅਸਲ ਦੇਸ਼ ਵਿੱਚ ਆਰਥਿਕ ਐਮਰਜੈਂਸੀ ਦੀ ਘੋਸ਼ਣਾ ਹੀ ਹੈ।

ਪੰਜਾਬ ਦੀਆਂ ਰਾਜਨੀਤਿਕ ਸਥਿਤੀਆਂ ਬਾਰੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ ਚਰਚਾ ਹੈ ਕਿ ਪੱਛਮੀ ਬੰਗਾਲ ਉੱਤੇ ਕਬਜ਼ਾ ਕਰਨ ਤੋਂ ਬਾਅਦ ਬੀਜੇਪੀ - ਆਰਐੱਸਐੱਸ ਦਾ ਅਗਲਾ ਨਿਸ਼ਾਨਾ ਪੰਜਾਬ ਹੈ। ਇੱਥੇ ਐੱਸਆਈਆਰ ਨੂੰ ਲੈ ਕੇ ਰਾਜਨੀਤਿਕ ਪਾਰਟੀਆਂ ਅਤੇ ਮੀਡੀਆ ਵਿੱਚ ਹਾਲੇ ਕੋਈ ਚਿੰਤਾ ਤੇ ਹਲਚਲ ਨਜ਼ਰ ਨਹੀਂ ਆ ਰਹੀ, ਜਦਕਿ ਬਾਕੀ ਸੂਬਿਆਂ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਸਵੈ ਰੁਜ਼ਗਾਰ ਕਰ ਰਹੇ ਮਜ਼ਦੂਰਾਂ ਅਤੇ ਸ਼ਹਿਰੀ ਤੇ ਪੇਂਡੂ ਗਰੀਬਾਂ ਦੇ ਵੋਟਾਂ ਵੱਡੀ ਗਿਣਤੀ ਵਿੱਚ ਕੱਟੇ ਜਾਣਗੇ। ਸਾਨੂੰ ਗਰੀਬਾਂ ਦੇ ਵੋਟ ਦੇ ਹੱਕ ਨੂੰ ਖੋਹਣ ਵਾਲੀਆਂ ਭਾਜਪਾਈ ਸਾਜ਼ਿਸ਼ਾਂ ਵਿਰੋਧੀ ਤੁਰੰਤ ਮੁਹਿੰਮ ਆਰੰਭ ਕਰਨ ਦੀ ਲੋੜ ਹੈ। ਇਸਦੀ ਸ਼ੁਰੂਆਤ ਵਜੋਂ ਸੀਪੀਆਈ (ਐਮ ਐਲ) ਲਿਬਰੇਸ਼ਨ ਅਤੇ ਆਰਐੱਮਪੀਆਈ ਵਲੋਂ ਸਾਂਝੇ ਤੌਰ ਉੱਤੇ 7 ਜੂਨ ਨੂੰ ਲੁਧਿਆਣਾ ਵਿੱਚ ਇੱਕ ਖੁੱਲ੍ਹੀ ਜਨ ਸੁਣਵਾਈ ਜਥੇਬੰਦ ਕੀਤੀ ਜਾਵੇਗੀ।

ਕਾਮਰੇਡ ਦੀਪੰਕਰ ਨੇ ਕਿਹਾ ਕਿ ਪੰਜਾਬ ਵਿੱਚ ਇਨਕਲਾਬੀਆਂ ਅਤੇ ਖੱਬੇਪੱਖੀਆਂ ਦਾ ਸੰਘਰਸ਼ਾਂ ਅਤੇ ਕੁਰਬਾਨੀਆਂ ਦਾ ਇਤਿਹਾਸ ਰਿਹਾ ਹੈ। ਅਸੀਂ ਇੱਥੇ ਖੱਬੇ ਪੱਖ ਦੇ ਮੁੜ ਉਭਾਰ ਲਈ ਕੰਮ ਕਰ ਰਹੇ ਹਾਂ। ਖੱਬੇ ਪੱਖ ਦੇ ਮੁੜ ਉਭਾਰ ਲਈ ਦੇਸ਼ ਭਰ ਦੀਆਂ ਖੱਬੇ ਪੱਖੀ ਅਤੇ ਇਨਕਲਾਬੀ ਕਤਾਰਾਂ ਦੀ ਨਜ਼ਰ ਹੁਣ ਸੀਪੀਆਈ (ਐਮ ਐਲ) ਲਿਬਰੇਸ਼ਨ ਉੱਤੇ ਟਿਕੀ ਹੋਈ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਕਿਸਾਨ ਅੰਦੋਲਨ ਵਿੱਚ ਖੱਬੇਪੱਖ ਦੀ ਮਜ਼ਬੂਤ ਹਿੱਸੇਦਾਰੀ ਦੇ ਬਾਵਜੂਦ ਪਿਛਲੀਆਂ ਚੋਣਾਂ ਵਿੱਚ ਉਸਦਾ ਫਾਇਦਾ ਖੱਬੇਪੱਖ ਦੀ ਬਜਾਏ, ਆਪ ਪਾਰਟੀ ਨੇ ਉਠਾ ਲਿਆ, ਪਰ ਉਸ ਨੇ ਉਨ੍ਹਾਂ ਤਮਾਮ ਪੰਜਾਬੀਆਂ ਦੀ ਉਮੀਦਾਂ ਦਾ ਗਰਭਪਾਤ ਕਰ ਦਿੱਤਾ, ਜਿੰਨਾਂ ਨੇ ਬੜੇ ਜੋਸ਼ ਤੇ ਚਾਅ ਨਾਲ ਭਗਵੰਤ ਮਾਨ ਨੂੰ ਸਤਾ'ਤੇ ਪਹੁੰਚਿਆ ਸੀ। ਹੁਣ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਯਕੀਨਨ ਬਹੁ ਕੋਣੀ ਮੁਕਾਬਲੇ ਹੋਣਗੇ। ਇਸ ਲਈ ਸੀਪੀਆਈ ਐਮ ਐਲ ਲਿਬਰੇਸ਼ਨ ਪੰਜਾਬ ਚੋਣਾਂ ਵਿੱਚ ਇੱਕ ਮਜ਼ਬੂਤ ਖੱਬੇ ਬਲਾਕ ਦੇ ਨਿਰਮਾਣ ਲਈ ਹਰ ਸੰਭਵ ਯਤਨ ਕਰੇਗੀ।ਇਸ ਇਕੱਤਰਤਾ ਵਿੱਚ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਪ੍ਰਸ਼ੋਤਮ ਸ਼ਰਮਾ, ਨਛੱਤਰ ਸਿੰਘ ਖੀਵਾ, ਮਾਣਿਕ ਗੋਇਲ, ਡਾਕਟਰ ਧੰਨਾ ਮੱਲ ਗੋਇਲ, ਗੁਰਲਾਭ ਸਿੰਘ ਮਾਹਲ, ਸਿਕੰਦਰ ਸਿੰਘ ਘਰਾਂਗਣਾ, ਕਾਮਰੇਡ ਕੁਲਵਿੰਦਰ ਸਿੰਘ ਉੱਡਤ, ਜੁਗਰਾਜ ਸਿੰਘ ਰੱਲਾ, ਧਰਮਪਾਲ ਨੀਟਾ, ਭੋਲਾ ਸਿੰਘ ਸਮਾਓਂ, ਕਰਨੈਲ ਸਿੰਘ ਮਾਨਸਾ, ਵਿਜੇ ਭੀਖੀ, ਇੰਜੀ. ਹਰਮੀਤ ਸਿੰਘ, ਅਜਮੇਰ ਅਕਲੀਆ, ਸੁਖਦਰਸ਼ਨ ਸਿੰਘ ਨੱਤ, ਸੁਰਿੰਦਰ ਪਾਲ ਸ਼ਰਮਾ, ਮੰਗਾ ਖੋਖਰ, ਗੁਰਸੇਵਕ ਮਾਨ, ਸੁਖਜੀਤ ਰਾਮਾਨੰਦੀ, ਹੈਪੀ ਮਾਨ, ਨੌਜਵਾਨ ਆਗੂ ਅਮਰਦੀਪ ਪਰੋਚਾ, ਜਸਬੀਰ ਕੌਰ ਨੱਤ, ਗੁਰਮੀਤ ਨੰਦਗੜ੍ਹ, ਕ੍ਰਿਸ਼ਨਾ ਕੌਰ, ਅਜੈਬ ਸਿੰਘ ਭੈਣੀ, ਗੋਰਾ ਲਾਲ ਅਤਲਾ ਅਤੇ ਐਡਵੋਕੇਟ ਅਜੈਬ ਸਿੰਘ ਸਮੇਤ ਹੋਰ ਸਥਾਨਕ ਲੋਕ ਹਾਜ਼ਰ ਸਨ।

# ਸੋਨੇ ਤੇ ਇੰਮਪੋਰਟ ਡਿਊਟੀ ਵੱਧੀ,ਵਿਆਹਾਂ ਦੀ ਖਰੀਦਦਾਰੀ ਰੁਕੀ

## ਸੋਨੇ ਦੀ ਚਮਕ ਤੇ ਸਰਕਾਰੀ ਨੀਤੀਆਂ ਦਾ ਪ੍ਰਛਾਵਾ

**ਨਵਾਸ਼ਹਿਰ 15 ਮਈ (ਜਤਿੰਦਰਪਾਲ ਸਿੰਘ ਕਲੇਰ )** ਹਰ ਸ਼ਹਿਰ ਦਾ ਸ਼ਰਾਫਾ ਬਜ਼ਾਰ ਚਮਕ ਦਮਕ ਅਤੇ ਗ੍ਰਾਹਕਾਂ ਦਾ ਭੀੜ ਨਾਲ ਜਾਣਿਆ ਜਾਂਦਾ ਸੀ ।ਅੱਜ ਆਰਥਿਕ ਸੰਕਟ ਅਤੇ ਮਾਯੂਸੀ ਦੇ ਦੌਰ 'ਚ ਲੰਘ ਰਿਹਾ ਹੈ । ਸ਼ਰਾਫਾ ਵਪਾਰੀਆਂ ਦੇ ਚਿਹਰੇ ਤੇ ਸਾਫ ਮਾਯੂਸੀ ਝਲਕ ਰਹੀ ਹੈ । ਇਸਦੀ ਸਭ ਤੋਂ ਵੱਡੀ ਵਜ੍ਹਾ ਕੇਂਦਰ ਸਰਕਾਰ ਵਲੋਂ ਸੋਨੇ ਤੇ ਆਯਾਤ ਸ਼ੁਲਕ (ਇੰਮਪੋਰਟ ਡਿਊਟੀ) ਵਧਾ ਕੇ 15 ਪ੍ਰਤੀਸ਼ਤ ਕਰਨਾ ਹੈ । ਇਸ ਫੈਸਲੇ ਨਾਲ ਸੋਨੇ ਦੀਆ ਕੀਮਤਾਂ ਵੱਧ ਗਈਆਂ । ਜਿਸ ਦੇ ਚੱਲਦੇ ਮੱਧ ਵਰਗ ਦੇ ਲਈ ਸੋਨੇ ਦੇ ਗਹਿਣੇ ਖਰੀਦਣੇ ਵੱਸ ਦੀ ਗੱਲ ਨਹੀ ਰਹੀ । ਸੋਨੇ ਦੇ ਰੇਟ ਵੱਧਣ ਨਾਲ ਬਜ਼ਾਰ ਵਿੱਚ ਗ੍ਰਾਹਕਾਂ ਦੀ ਸੰਖਿਆ ਵੀ ਘੱਟ ਹੋ ਗਈ । ਲੋਕ ਖਰੀਦਦਾਰੀ ਕਰਨ ਤੋਂ ਕੰਨੀ ਕਤਰਾ ਰਹੇ ਹਨ ਅਤੇ ਕਈ ਗ੍ਰਾਹਕ ਇਸਦੇ ਇੰਤਜ਼ਾਰ ਵਿੱਚ ਹਨ ਕਿ ਸ਼ਾਇਦ ਅੱਗੇ ਚੱਲ ਕੇ ਕੀਮਤਾ ਘੱਟ ਹੋ ਜਾਣ । ਇਸਦਾ ਅਸਰ ਉਨ੍ਹਾਂ ਸੈਂਕੜੇ ਪਰਿਵਾਰਾਂ ਤੇ ਵੀ ਪੈ ਰਿਹਾ ਹੈ ਜੋ ਪੀੜੀਆਂ ਤੋਂ ਗਹਿਣਿਆ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ । ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਵਰਗੇ ਵੱਡੇ ਸ਼ਹਿਰ ਵਿੱਚ ਜਿੱਥੇ ਵਿਆਹਾਂ ਦਾ ਸੀਜਨ ਵਿੱਚ ਸ਼ਰਾਫਾ ਬਾਜਾਰ ਵਿੱਚ ਖੂਬ ਰੌਣਕ ਰਹਿੰਦੀ ਸੀ ਅੱਜ ਉੱਥੇ ਸੁੰਨਸਾਨ ਪਈ ਹੈ ਤੇ ਸ਼ੋਅ ਰੂਮ ਖਾਲੀ ਪਏ ਹਨ । ਸ਼ਰਾਫਾ ਵਪਾਰੀਆਂ ਦਾ ਕਹਿਣਾ ਹੈ ਕਿ ਵਿਕਰੀ ਵਿੱਚ ਭਾਰੀ ਗਿਰਾਵਟ ਆਈ ਹੈ । ਬਾਜ਼ਾਰ ਵਿੱਚ ਪਹਿਲਾ ਵਾਲੀ ਚਹਿਲ ਪਹਿਲ ਨਹੀ ਹੈ । ਵਿਆਹ ਦੇ ਸੀਜਨ ਵਿੱਚ ਵੀ ਗ੍ਰਾਹਕਾਂ ਦੀ ਕਮੀ ਨੇ ਕਾਰੋਬਾਰੀਆਂ ਦੀ ਚਿੰਤਾ ਵਧਾ ਦਿੱਤੀ ਹੈ ।



**ਗ੍ਰਾਹਕ ਆਸਮਜਸ ਵਿੱਚ**

ਸੋਨੇ ਦੀਆਂ ਕੀਮਤਾਂ ਵਿੱਚ ਆਏ ਉਛਾਲ ਅਤੇ ਭਵਿੱਖ ਵਿੱਚ ਡਿਊਟੀ ਘੱਟਣ ਦੀ ਅਸ਼ੰਕਾ ਦੇ ਚੱਲਦੇ ਖਰੀਦਦਾਰ ਬਾਜ਼ਾਰ ਵਿੱਚੋਂ ਪੂਰੀ ਤਰ੍ਹਾਂ ਗਾਇਬ ਹੋ ਗਏ । ਗ੍ਰਾਹਕਾਂ ਨੂੰ ਡਰ ਹੈ ਕਿ ਵਧੇ ਰੇਟ ਤੇ ਸੋਨਾ ਖਰੀਦਣ ਦੇ ਬਾਦ ਜੇਕਰ ਸਰਕਾਰ ਨੇ ਡਿਊਟੀ ਘੱਟ ਕਰ ਦਿੱਤੀ ਤਾਂ ਉਨਾ ਨੂੰ ਭਾਰੀ ਵਿੱਤੀ ਨੁਕਸਾਨ ਹੋਵੇਗਾ । ਵਰਤਮਾਨ ਵਿੱਚ ਬਾਜ਼ਾਰ ਸੀਜਨ ਦੀ ਕਮੀ ,ਵਧੇ ਰੇਟ ਅਤੇ ਗ੍ਰਾਹਕਾ ਦੀ ਕਮੀ ਦੀ ਸਾਰੇ ਪਾਸਿਓ ਮਾਰ ਝੱਲ ਰਿਹਾ ਹੈ । ਵਿਆਹ ਵਾਲੇ ਗ੍ਰਾਹਕ ਵੀ ਭਾਰੀ ਅਸਮੰਜੱਸ ਵਿੱਚ ਹਨ ਜਿਸ ਨਾਲ ਵਪਾਰੀਆਂ ਤੇ ਗ੍ਰਾਹਕਾਂ ਦਾ ਭਰੋਸਾ ਡਗਮਗਾ ਰਿਹਾ ਹੈ । ਇਸ ਮੰਦੀ ਦਾ ਸਿੱਧਾ ਅਸਰ ਸੈਂਕੜੇ ਇਸ ਕਾਰੋਬਾਰ ਨਾਲ ਜੁੜੇ ਵਪਾਰੀਆ ਤੇ ਪੈ ਰਿਹਾ ਹੈ । ਸੈਂਕੜੇ ਦੇ ਕਰੀਬ ਸਵਰਨਕਾਰ ਭੁਖਮਰੀ ਦੀ ਕਗਾਰ ਤੇ ਖੜੇ ਹਨ ।

**ਬਾਜ਼ਾਰ ਵਿੱਚ ਛਾਈ ਮੰਦੀ**

ਬਾਜ਼ਾਰ ਵਿੱਚ ਛਾਈ ਮੰਦੀ ਨੇ ਸੋਨੇ ਦਾ ਕਾਰੋਬਾਰ ਕਰਨ ਵਾਲਿਆਂ ਦਾ ਲੱਕ ਤੋੜ ਦਿੱਤਾ ਹੈ । ਸਰਕਾਰ ਵਲੋਂ ਅਚਾਨਕ ਡਿਊਟੀ ਵਧਾਉਣ ਦੇ ਫੈਸਲੇ ਨਾਲ ਇਕ ਹੀ ਦਿਨ ਵਿੱਚ ਸੋਨੇ ਵਿੱਚ 10,000 ਰੁਪਏ ਅਤੇ ਚਾਂਦੀ ਵਿੱਚ 30,000 ਰੁਪਏ ਦਾ ਉਛਾਲ ਆਇਆ । ਵਿਆਹ ਸ਼ਾਦੀਆ ਦੀ ਬੁਕਿੰਗ ਵੀ ਪ੍ਰਭਾਵਿਤ ਹੋ ਗਈ । ਅਗਲੇ ਦੋ ਮਹੀਨੇ ਵਿਆਹਾਂ ਦਾ ਸੀਜਨ ਹੈ । ਜਿਸ ਦੇ ਲਈ ਆਡਰ ਤਾਂ ਘੱਟੋ ਘੱਟ ਇਕ ਮਹੀਨਾ ਪਹਿਲਾਂ ਦੇਣਾ ਹੁੰਦਾ ਹੈ । ਫਿਲਹਾਲ ਕੋਈ ਬੁਕਿੰਗ ਨਹੀ ਆ ਰਹੀ । ਅਚਾਨਕ ਵਧੀ ਮਹਿੰਗਾਈ ਦੇ ਕਾਰਨ ਲੋਕ ਡਰ ਦੇ ਮਾਹੌਲ ਵਿੱਚ ਹਨ । ਕਾਰੀਗਰ ਇਸ ਗੱਲ ਨੂੰ ਲੈ ਕੇ ਪਰੇਸ਼ਾਨ ਹਨ ਜੇਕਰ ਕੰਮ ਇਸੇ ਤਰਾ ਪ੍ਰਭਾਵਿਤ ਰਿਹਾ ਤਾਂ ਆਪਣਾ ਘਰ ਕਿਵੇ ਚਲਾਉਣਗੇ । ਕਿਉਂਕਿ ਉਨ੍ਹਾਂ ਨੂੰ ਗਹਿਣੇ ਬਣਾਉਣ ਤੋਂ ਸਿਵਾਏ ਕੋਈ ਕੰਮ ਨਹੀ ਆਉਦਾ । ਉਨਾ ਸਰਕਾਰ ਤੋ ਮੰਗ ਕੀਤੀ ਵਧੀ ਗਈ ਡਿਊਟੀ ਨੂੰ ਘੱਟ ਕਰਕੇ ਸਵਰਨਕਾਰਾ ਤੇ ਗ੍ਰਾਹਕਾ ਨੂੰ ਰਾਹਤ ਦਿੱਤੀ ਜਾਵੇ ।

# ਨੋਨੀ ਮਾਡਲ ਸਕੂਲ, ਕਾਠਗੜ੍ਹ ਨੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ

**ਨਵਾਂਸ਼ਹਿਰ /ਕਾਠਗੜ੍ਹ, 15 ਮਈ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਇਲਾਕੇ ਦੇ ਨਾਮਵਰ ਅਤੇ ਪ੍ਰਸਿੱਧ ਨੋਨੀ ਮਾਡਲ ਸਕੂਲ ਨੇ ਇੱਕ ਵਾਰ ਫਿਰ ਸਿੱਖਿਆ ਦੇ ਖੇਤਰ ਵਿੱਚ ਇੱਕ ਸ਼ਾਨਦਾਰ ਪ੍ਰਾਪਤੀ ਹਾਸਲ ਕੀਤੀ ਹੈ, 12ਵੀਂ ਜਮਾਤ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰੀਖਿਆ ਨਤੀਜਿਆਂ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ। ਸਕੂਲ ਨੇ 100% ਨਤੀਜਾ ਪ੍ਰਾਪਤ ਕੀਤਾ ਹੈ, ਜਿਸ ਨਾਲ ਸਕੂਲ, ਮਾਪਿਆਂ ਅਤੇ ਪੂਰੇ ਖੇਤਰ ਵਿੱਚ ਖੁਸ਼ੀ ਦੀ ਲਹਿਰ ਹੈ। ਸਕੂਲ ਦੀ ਚੇਅਰਪਰਸਨ ਪੂਜਾ ਭਾਰਦਵਾਜ ਨੇ ਇਸ ਸ਼ਾਨਦਾਰ ਸਫਲਤਾ 'ਤੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਅਧਿਆਪਕਾਂ ਦੇ ਮਾਰਗਦਰਸ਼ਨ ਨਾਲ ਹੀ ਵਿਦਿਆਰਥੀ ਸਫਲਤਾ ਦੀਆਂ



ਨਵੀਆਂ ਉਚਾਈਆਂ 'ਤੇ ਪਹੁੰਚ ਸਕਦੇ ਹਨ।

ਸਕੂਲ ਦੇ ਪ੍ਰਿੰਸੀਪਲ ਰਾਘਵ ਭਾਰਦਵਾਜ ਨੇ ਦੱਸਿਆ ਕਿ ਇਸ ਸਾਲ ਕੁੱਲ 42 ਵਿਦਿਆਰਥੀਆਂ ਨੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਦਿੱਤੀਆਂ ਸਨ ਅਤੇ ਸਾਰੇ ਸਫਲ ਹੋਏ।ਹੋਣਹਾਰ ਵਿਦਿਆਰਥਣ ਪ੍ਰਭਜੋਤ ਕੌਰ ਨੇ 94% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਜਦੋਂ ਕਿ ਕੁਮਾਰੀ ਸਪਨਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਅਤੇ ਜੈਸਮੀਨ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਇੰਚਾਰਜ ਮੀਨਾਕਸ਼ੀ ਰਾਣਾ, ਸੁਸ਼ਮਾ ਸ਼ਰਮਾ (ਸੀਨੀਅਰ ਸੈਕੰਡਰੀ ਵਿੰਗ ਦੀ ਕੋਆਰਡੀਨੇਟਰ), ਸਰਿਤਾ ਸ਼ਰਮਾ ਅਤੇ ਤਾਰਾ ਚੰਦ ਨੇ ਵਿਦਿਆਰਥੀਆਂ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ। ਇਸ ਮੌਕੇ ਉਨ੍ਹਾਂ ਨੂੰ ਮਠਿਆਈਆਂ ਅਤੇ ਸਨਮਾਨਿਤ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਸਕੂਲ ਪ੍ਰਬੰਧਨ ਨੇ ਕਿਹਾ ਕਿ ਨੋਨੀ ਮਾਡਲ ਸਕੂਲ ਹਮੇਸ਼ਾ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ, ਨੈਤਿਕ ਕਦਰਾਂ-ਕੀਮਤਾਂ ਅਤੇ ਮੁਕਾਬਲੇ ਵਾਲਾ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਰਿਹਾ ਹੈ। ਵਿਦਿਆਰਥੀਆਂ ਦੀ ਇਹ ਸ਼ਾਨਦਾਰ ਸਫਲਤਾ ਪੂਰੇ ਸਕੂਲ ਪਰਿਵਾਰ ਲਈ ਮਾਣ ਵਾਲੀ ਗੱਲ ਹੈ।

# ਚੱਬੇਵਾਲ ਵਿੱਚ ਖਾਲਸਾ ਕਾਲਜ ਮਾਹਿਲਪੁਰ ਦੇ ਦਾਖ਼ਲਾ ਕੇਂਦਰ ਦਾ ਉਦਘਾਟਨ

**ਹੁਸ਼ਿਆਰਪੁਰ / ਚੱਬੇਵਾਲ 15 ਮਈ ( ਤਰਸੇਮ ਦੀਵਾਨਾ )** - ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਨਵੇਂ ਸੈਸ਼ਨ 2026-27 ਵਿੱਚ ਦਾਖ਼ਲੇ ਸਬੰਧੀ ਖੇਤਰ ਦੇ ਕਸਬਾ ਚੱਬੇਵਾਲ ਦੀ ਸੰਤ ਮਾਰਕੀਟ ਵਿੱਚ ਵਿਦਿਆਰਥੀਆਂ ਦੀ ਕਰੀਅਰ ਸੇਧ ਅਤੇ ਕਾਉਂਸਲਿੰਗ ਦੀ ਸਹੂਲਤ ਲਈ ਅੱਜ ਵਿਸ਼ੇਸ਼ ਦਾਖ਼ਲਾ ਕੇਂਦਰ ਖੋਲ੍ਹਿਆ ਗਿਆ। ਦਾਖ਼ਲਾ ਕੇਂਦਰ ਦਾ ਉਦਘਾਟਨ ਸਮਾਜ ਸੇਵੀ ਡਾ ਸੰਦੀਪ ਖਰਬੰਦਾ ਵੱਲੋਂ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਇਲ-'ਕੇ ਦੀਆਂ ਹੋਰ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਕਿਹਾ ਕਿ ਇਹ ਦਾਖ਼ਲਾ ਕੇਂਦਰ ਵਿਦਿਅਰਥੀਆਂ ਨੂੰ ਕਰੀਅਰ ਸੇਧ ਅਤੇ ਕਾਉਂਸਲਿੰਗ ਸਬੰਧੀ ਵੱਡਾ ਸਹਾਇਕ ਹੋਵੇਗਾ। ਉਨ੍ਹਾਂ ਕਾਲਜ ਵਿੱਚ ਨਵੇਂ ਸ਼ੁਰੂ ਹੋ ਰਹੇ ਕੋਰਸਾਂ



ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਕਾਲਜ ਵਿਚ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਵਿਸ਼ੇਸ਼ ਆਰਥਿਕ ਮਦਦ, ਵੱਖ-ਵੱਖ ਵਜ਼ੀਫਾ ਰਾਸ਼ੀਆਂ ਸਮੇਤ ਆਧੁਨਿਕ ਸਹੂਲਤਾਂ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਲਈ ਮਦਦਗਾਰ ਹੋ ਰਹੀਆਂ ਹਨ। ਉਨ੍ਹਾਂ ਇਲਾਕੇ ਦੇ ਵਿਦਿਆਰਥੀਆ ਨੂੰ ਇਸ ਦਾਖ਼ਲਾ ਕੇਂਦਰ ਵਿੱਚ ਆ ਕੇ ਆਪਣੀ ਚੋਣ ਅਨੁਸਾਰ ਵੱਖ-ਵੱਖ ਕੋਰਸਾਂ ਸਬੰਧੀ ਜਾਣਕਾਰੀ ਲੈਣ ਦੀ ਅਪੀਲ ਕੀਤੀ। ਇਸ ਮੌਕੇ ਡਾ ਸੰਦੀਪ ਖਰਬੰਦਾ ਨੇ ਆਪਣੇ ਸੰਬੋਧਨ ਵਿੱਚ ਸੰਸਥਾ ਨੂੰ ਹਰ ਤਰਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਸਾਬਕਾ ਪ੍ਰੋ ਰਮੇਸ਼ ਦੱਤ ਨੇ ਕਾਲਜ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ ਖੜਕ ਸਿੰਘ, ਰਾਜ ਕੁਮਾਰ ਪਠਾਣੀਆਂ, ਡਾ ਸੰਜੀਵ ਕੁਮਾਰ, ਸ਼ਰਨ ਮੋਹਨ, ਨਵਨੀਤ ਕੁਮਾਰ, ਅਮਨਦੀਪ ਝੂਟੀ, ਰਮੇਸ਼ ਦੱਤ , ਨਿਤੀਨ ਹਾਂਡਾ, ਡਾ ਵਰਿੰਦਰ ਆਜ਼ਾਦ , ਡਾ ਜੇ ਬੀ ਸੇਖੋਂ, ਡਾ ਰਾਕੇਸ਼ ਕੁਮਾਰ, ਡਾ ਕੋਮਲ ਬੱਧਣ, ਪ੍ਰੋ ਰੋਹਿਤ ਪੁਰੀ, ਡਾ ਪ੍ਰਭਜੋਤ ਕੌਰ, ਪ੍ਰੋ ਕੰਚਨ, ਅਨਿਲ ਜੰਡੋਲੀ, ਹਰਜਿੰਦਰ ਸਿੰਘ, ਅਮ੍ਰਿਤਪਾਲ ਸਿੰਘ ਆਦਿ ਸਮੇਤ ਇਲਾਕੇ ਦੇ ਵਿਦਿਆਰਥੀ ਵਾਸੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਸੀਐਚਪੀ ਕਾਮਿਆਂ ਦੀ ਤਰ੍ਹਾਂ ਥਰਮਲ ਪਲਾਂਟ ਦੇ ਕਾਮਿਆਂ ਨੂੰ ਵੀ ਤੁਰੰਤ ਕੰਟਰੈਕਟ ਬੇਸ ’ਤੇ ਲਿਆ ਜਾਵੇ - ਗੋਲਡੀ ਪਰਖਾਲੀ

**ਰੂਪਨਗਰ 15 ਮਈ (ਚਰਨਜੀਤ ਸੱਲ੍ਹਾ )**ਸਾਬਕਾ ਜ਼ਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਰੋਪੜ ਗੋਲਡੀ ਪਰਖਾਲੀ ਨੇ ਕਿਹਾ ਕਿ ਜਿਸ ਪਾਲਿਸੀ ਦੇ ਆਧਾਰ ’ਤੇ ਸੀਐਚਪੀ ਕਾਮਿਆਂ ਨੂੰ ਕੰਟਰੈਕਟ ਬੇਸ ’ਤੇ ਲਿਆ ਗਿਆ ਹੈ, ਉਸੇ ਪਾਲਿਸੀ ਨੂੰ ਥਰਮਲ ਪਲਾਂਟਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਕਾਮਿਆਂ ’ਤੇ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਥਰਮਲ ਪਲਾਂਟਾਂ ਦੇ ਕਈ ਕਾਮੇ ਪਿਛਲੇ 20 25 ਸਾਲਾਂ ਤੋਂ ਇਮਾਨਦਾਰੀ ਨਾਲ ਸੇਵਾ ਨਿਭਾ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਨਾਲ ਲਗਾਤਾਰ ਪੱਖਪਾਤ ਕੀਤਾ ਜਾ ਰਿਹਾ ਹੈ। ਗੋਲਡੀ ਪਰਖਾਲੀ ਨੇ ਦੋਸ਼ ਲਗਾਇਆ ਕਿ ਸਰਕਾਰ ਦੀਆਂ ਨੀਤੀਆਂ ਮਜ਼ਦੂਰਾਂ ਵਿੱਚ



ਫੁੱਟ ਪਾਉਣ ਵਾਲੀਆਂ ਹਨ। ਇੱਕ ਵਰਗ ਨੂੰ ਸਹੂਲਤਾਂ ਦੇ ਕੇ ਦੂਜੇ ਵਰਗ ਨੂੰ ਨਜ਼ਰਅੰਦਾਜ਼ ਕਰਨਾ ਮਜ਼ਦੂਰ ਵਿਰੋਧੀ ਸੋਚ ਨੂੰ ਦਰਸਾਉਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਥਰਮਲ ਪਲਾਂਟ ਦੇ ਕਾਮਿਆਂ ਨੂੰ ਵੀ ਤੁਰੰਤ ਉਸੇ ਆਧਾਰ ’ਤੇ ਕੰਟਰੈਕਟ ਬੇਸ ’ਤੇ ਲਿਆ ਜਾਵੇ ਅਤੇ ਉਨ੍ਹਾਂ ਦੇ ਹੱਕ ਬਹਾਲ ਕੀਤੇ ਜਾਣ, ਨਹੀਂ ਤਾਂ ਮਜ਼ਦੂਰ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੇ।

# ਹਿਜ਼ ਐਕਸੀਲੈਂਟ ਇੰਸਟੀਚਿਊਟਸ ਦੀ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਨ ਵਿੱਚ ਪਹਿਲ ਰਹਿੰਦੀ ਹੈ : ਡਾ. ਆਸ਼ੀਸ਼ ਸਰੀਨ

## ਹਿਜ਼ ਐਕਸੀਲੈਂਟ ਇੰਸਟੀਚਿਊਟਸ ਦੀ ਹਰ ਪਾਸੇ ਹੈ ਚੜ੍ਹਾਈ ਸੱਜਣਾ

**ਹੁਸ਼ਿਆਰਪੁਰ 15 ਮਈ (ਤਰਸੇਮ ਦੀਵਾਨਾ )** - ਹੁਸ਼ਿਆਰਪੁਰ ਦੇ ਮਸ਼ਹੂਰ ਤੇ ਨੰਬਰ ਵੰਨ ਸਿੱਖਿਆ ਸੰਸਥਾਨ ਹਿਜ਼ ਐਕਸੀਲੈਂਟ ਇੰਸਟੀਚਿਊਟਸ ਦੀ 12 ਵੀਂ ਜਮਾਤ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ ਹੈ। ਸੰਸਥਾ ਦੇ ਕੁੱਲ 24 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਅਤੇ 74 ਬੱਚਿਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਹਾਸਿਲ ਕਰ ਕੇ ਹਿਜ਼ ਐਕਸੀਲੈਂਟ ਇੰਸਟੀਚਿਊਟਸ ਦਾ ਨਾਮ ਰੌਸ਼ਨ ਕੀਤਾ ਹੈ। ਇਸ ਵਿੱਚ ਨਵਪ੍ਰੀਤ ਕੌਰ 95.2, ਸ਼ੋਰਿਆ ਧਰ 94.6, ਇਸ਼ਮੀਤ ਸਿੰਘ 94.4, ਪ੍ਰਥਮ ਗੁਪਤਾ 94.2, ਜਸਲੀਨ ਕੌਰ 93.8, ਬੈਨੀ ਮਾਹੀ 93.8, ਜੈਸੀਕਾ ਕੌਰ 92.6, ਕਾਰਤੀਕੇ ਸ਼ਰਮਾ 92.6, ਜੀਆ 91.8, ਹਰਸਿਮਰਨ 91.8, ਸਮਨਦੀਪ 91.2, ਮਨੰਤ 90.8, ਮਯੰਕ 90.8, ਅਰਨਵ ਆਨੰਦ 90.6, ਅਰਸ਼ਦੀਪ ਕੌਰ 90.4, ਗੁਣਤਾਸ਼ ਸਿੱਧੂ 90.4, ਅਰਸ਼ਦੀਪ ਸਿੰਘ ਬਡਵਾਲ 90.4, ਗੁਰਨੂਰ ਕੌਰ 89.4, ਨਿਵੇਦਿਤਾ 89.2, ਦਿਸ਼ਾਂਤ



ਸ਼ਰਮਾ 89.2, ਵਰੁਨਦੀਪ ਸਿੰਘ 88.8, ਰਾਸ਼ੀ ਸ਼ਰਮਾ 88.6, ਸੀਆ 88.6, ਪਰਮਪ੍ਰੀਤ ਕੌਰ 87.6, ਪ੍ਰਕੀਰਤੀ ਚੌਧਰੀ 87, ਜਪਲੀਨ ਕੌਰ 87.2, ਰਿਸ਼ਿਤਾ ਸ਼ਰਮਾ 86.8, ਤਨਵੀ ਸ਼ਰਮਾ 88, ਤਨਵੀਰ ਕੌਰ 87.6, ਰਾਜਪ੍ਰੀਤ ਕੇ ਸੰਘਾ 86.4, ਰਾਧਿਕਾ ਸ਼ਰਮਾ 85.8, ਰਿਸ਼ਿਕਾ ਮਹੇ 85.2, ਸੰਜਨਾ 85.6, ਹਰਲੀਨ ਕੌਰ 85.6, ਰਿਸ਼ਭ ਮੇਹਰਾ 85.2, ਵੰਸ਼ ਵਸ਼ਿਸ਼ਠ 85.8, ਅਨੁਪ੍ਰੀਤ 85.8, ਤਾਜ ਸੈਣੀ 86, ਨੀਕੀਤਾ ਸੈਣੀ 88.6, ਜਸਨੂਰ ਕੇ ਸੰਘਾ 86.8, ਮਨੂੰ ਦਿਲ-ਾਵਰ 86.8, ਮਨਦੀਪ ਕੌਰ 86.4 ਅਤੇ ਇਸ ਤੋਂ ਇਲਾਵਾ ਆਨੰਦੀ ਮਨੰਤ, ਨਵਪ੍ਰੀਤ ਕੌਰ, ਕਨਿਕਾ ਜੋਸ਼ੀ, ਨਿਧੀ, ਸਮੀਕਸ਼ਾ, ਨਿਹਾਰਿਕਾ, ਕਸ਼ਿਕਾ ਨਾਗੀ, ਅਨਪ੍ਰੀਤ ਕੌਰ, ਪ੍ਰਭਜੋਤ ਕੌਰ, ਨੈਤਿਕ, ਜਸਕਰਨ ਸਿੰਘ, ਜਗਮੋਹਨ ਸਿੰਘ, ਸਿਮਰਪ੍ਰੀਤ ਸਿੰਘ, ਵੰਸ਼ ਸ਼ਰਮਾ, ਨਿਸ਼ਾਂਤ, ਮੋਹਿਤ, ਧੀਰ, ਆਰਜ਼ੂ, ਅਰਪਿਤਾ ਸ਼ਰਮਾ, ਹਰਜੋਤ ਕੌਰ, ਜੈਸਮੀਨਦੀਪ ਕੌਰ, ਹਰਪ੍ਰੀਤ ਕੌਰ, ਹਰਲੀਨ ਕੌਰ, ਜੈਸਮੀਨ ਕੌਰ, ਪਰਮਜੀਤ ਕੌਰ, ਰਾਣੀ ਆਦਿਆ, ਰਵਨੀਤ ਕੌਰ, ਵੰਸ਼ਿਕਾ ਆਦਿ ਵੀ ਚੰਗੇ ਨੰਬਰ ਲੈ ਕੇ ਪਾਸ ਹੋਏ। ਇਸ ਮੌਕੇ ਤੇ ਸੰਸਥਾ ਦੇ ਡਾਇਰੈਕਟਰ ਡਾ. ਆਸ਼ੀਸ਼ ਸਰੀਨ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਇਸ ਉਪਲਬਧੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਉਹਨਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਕਾਮਯਾਬੀ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੀ ਲਗਨ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਸੰਸਥਾ ਦੇ ਡਾਇਰੈਕਟਰ ਡਾ. ਆਸ਼ੀਸ਼ ਸਰੀਨ ਨੇ ਕਿਹਾ ਕਿ ਹਿਜ਼ ਐਕਸੀਲੈਂਟ ਇੰਸਟੀਚਿਊਟਸ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਨ ਵਿੱਚ ਵਚਨਬੱਧ ਰਹੇ ਹਨ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਦੇ ਸ਼ਾਨਦਾਰ ਨਤੀਜੇ ਲਿਆਉਣ ਲਈ ਹੋਰ ਵੀ ਯਤਨ ਕੀਤੇ ਜਾਣਗੇ। ਸੰਸਥਾ ਵੱਲੋਂ ਸਾਰੇ ਕਾਮਯਾਬ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਉਹਨਾਂ ਦੇ ਚਮਕਦਾਰ ਭਵਿੱਖ ਦੀ ਕਾਮਨਾ ਕੀਤੀ ਗਈ।

**ਅਜਮੇਰ ਦੀਵਾਨਾ**

# ਵਣ ਵਿਭਾਗ ਵਿੱਚ ਪੰਜਾਬ ਨਾਨ ਗ਼ਜ਼ਟਿਡ ਫਾਰੈਸਟ ਆਫੀਸਰਜ ਯੂਨੀਅਨ ਦੇ ਨਾਮ ਦੀ ਬਿਨਾਂ ਕਿਸੇ ਅਧਿਕਾਰ ਤੋਂ ਕੁੱਝ ਵਿਅਕਤੀਆਂ ਵੱਲੋਂ ਗਲਤ ਵਰਤੋਂ ਕਰਕੇ ਸਰਕਾਰ ਅਤੇ ਅਧਿਕਾਰੀਆਂ ਨੂੰ ਕੀਤਾ ਜਾ ਰਿਹਾ ਗੁੰਮਰਾਹ

**ਨਵਾਂਸ਼ਹਿਰ 14 ਮਈ (ਜਤਿੰਦਰ ਪਾਲ ਸਿੰਘ ਕਲੇਰ )** ਵਣ ਵਿਭਾਗ ਵਿੱਚ ਪੰਜਾਬ ਨਾਨ -ਗਜ਼ਟਿਡ ਫਾਰੈਸਟ ਆਫ਼ੀਸਰਜ਼ ਦੇ ਨਾਮ ਹੇਠ ਇਕ ਹੀ ਜਥੇਬੰਦੀ ਕੰਮ ਕਰ ਰਹੀ ਹੈ। ਜਿਸ ਕੋਲ ਪੰਜਾਬ ਦੇ ਵੱਖ- ਵੱਖ ਮੰਡਲਾਂ ਦੇ ਸਾਥੀਆਂ ਦੀ ਬਹੁਮਤ ਵੀ ਹੈ ਅਤੇ ਜਥੇਬੰਦੀ ਦੀ ਰਜਿਸਟ੍ਰੇਸ਼ਨ, ਸੰਵਿਧਾਨ ਤੇ ਬੈਂਕ ਖਾਤਾ ਵੀ ਹੈ ਅਤੇ ਜੱਥੇਬੰਦੀ ਨੂੰ ਚਲਾਉਣ ਦੇ ਅਧਿਕਾਰ ਵੀ ਹਨ। ਸਾਰੇ ਜ਼ਿਲ੍ਹਿਆਂ ਦੇ ਸਾਥੀਆ ਨੇ ਬਹੁਮਤ ਨਾਲ ਇਸ ਦੇ ਅਹੁਦੇਦਾਰ ਸ ਗੁਰਿੰਦਰਜੀਤ ਸਿੰਘ ਸਹੋਤਾ ਨੂੰ ਪ੍ਰਧਾਨ ਅਤੇ ਹਰਦੀਪ ਸਿੰਘ ਪਨੇਸਰ ਨੂੰ ਸੂਬਾ ਜਨਰਲ ਸਕੱਤਰ ਚੁਣਿਆ ਗਿਆ ਸੀ। ਪਰ ਕੁਝ ਕੁ ਵਿਅਕਤੀਆਂ ਵੱਲੋਂ ਆਪਣੇ ਨਿੱਜੀ ਹਿਤਾਂ ਲਈ ਪੰਜਾਬ ਨਾਨ



ਗ਼ਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ ਦੇ ਨਾਮ ਹੇਠ ਜਾਅਲੀ ਜਥੇਬੰਦੀ ਬਣਾ ਕੇ ਉੱਚ ਅਧਿਕਾਰੀਆਂ ਅਤੇ ਸਰਕਾਰ ਤੋਂ ਸਮੇਂ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜੋ ਕੀ ਸਰਾਸਰ ਗਲਤ ਹੈ। ਇਸ ਸਬੰਧੀ ਮੁੱਖ ਦਫਤਰ ਵੱਲੋਂ ਵੀ ਇੱਕ ਚਿੱਠੀ ਕੱਢੀ ਗਈ ਸੀ ਕਿ ਯੂਨੀਅਨ ਨੂੰ ਚਲਾਉਣ ਦੇ ਅਧਿਕਾਰ, ਰਜਿਸਟਰੇਸ਼ਨ ਅਤੇ ਬਹੁਮਤ ਤੇ ਬੈਂਕ ਖਾਤਾ ਕਿਸ ਜੱਥੇਬੰਦੀ ਕੋਲ ਹੈ। ਇਸ ਸਬੰਧੀ ਸੂਬਾ ਪ੍ਰਧਾਨ ਗੁਰਿੰਦਰ ਸਹੋਤਾ ਨੇ ਮੁਖ ਦਫਤਰ ਵਿਖੇ ਖੁਦ 16 ਮਾਰਚ 2026 ਨੂੰ ਪੇਸ਼ ਹੋ ਕੇ ਜੱਥੇਬੰਦੀ ਦਾ ਰਜਿਸਟਰੇਸ਼ਨ ਸਰਟੀਫਿਕੇਟ, ਬੈਂਕ ਖਾਤਾ, ਹਾਜ਼ਰੀ ਰਜਿਸਟਰ ਉੱਚ ਅਧਿਕਾਰੀਆਂ ਨੂੰ ਦਿਖਾਇਆ ਸੀ। ਪਰ ਇਸ ਦੇ ਬਾਵਜੂਦ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਜੱਥੇਬੰਦੀ ਦੇ ਨਾਮ ਦੀ ਬਿਨਾਂ ਕਿਸੇ ਅਧਿਕਾਰ ਤੋਂ ਗਲਤ ਵਰਤੋਂ ਕੀਤੀ ਜਾ ਰਹੀ ਹੈ। ਜਿਸ ਦਾ ਜੱਥੇਬੰਦੀ ਵਿਰੋਧ ਕਰਦੀ ਹੈ। ਜੇਕਰ ਭਵਿੱਖ ਵਿੱਚ ਪੰਜਾਬ ਨਾਨ ਗ਼ਜ਼ਟਿਡ ਫਾਰੈਸਟ ਆਫ਼ੀਸਰਜ਼ ਯੂਨੀਅਨ ਰਜ਼ਿ(42) ਆਫ਼ 2015 ਦੇ ਨਾਮ ਹੇਠ ਵਿਅਕਤੀਆਂ ਵੱਲੋਂ ਮੀਟਿੰਗ ਜਾਂ ਸਮੇਂ ਦੀ ਮੰਗ ਕੀਤੀ ਜਾਂਦੀ ਹੈ ਤਾਂ ਕਾਨੂੰਨੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਆਮ ਆਦਮੀ ਪਾਰਟੀ ਦੇ ਆਕਾ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਧੀ ਚੁਨੌਤੀ – ਪਵਨ ਸ਼ਰਮਾ

**ਲੁਧਿਆਣਾ (ਸੱਤਨਾਮ ਸਿੰਘ ਸਹੂੰਗੜਾ)** ਦੇਸ਼ ਦੀ ਰਾਜਨੀਤੀ ਵਿੱਚ ਆਪਣੀ ਅਲਹਿਦਾ ਸੋਚ ਦਾ ਦਾਵਾ ਕਰਨ ਤੇ ਕਾਫੀ ਹੱਦ ਤੱਕ 300 ਯੂਨਿਟ ਬਿਜਲੀ ਬਿੱਲ ਦੀ ਮਾਫੀ, ਮਹਿਲਾਵਾ ਦੀ ਬੱਸ ਟਿਕਟ ਫ੍ਰੀ, ਮੁਹੱਲਾ ਕਲੀਨਿਕ ਵਰਗੀਆਂ ਯੋਜਨਾਵਾਂ ਕਾਮਯਾਬੀ ਨਾਲ ਲਾਗੂ ਕਰ (ਜਿਸ ਦੀ ਸਾਡੀ ਨਵੀਂ ਨਵੇਕਲੀ ਰਾਜਨੀਤਿਕ ਪਾਰਟੀ, ਨੈਸ਼ਨਲ ਜਸਟਿਸ ਪਾਰਟੀ ਵੀ ਪ੍ਰਸ਼ੰਸਾ ਤੇ ਸਮਰਥਨ ਕਰਦੀ ਹੈ) ਮੁਲਕ ਭਰ ਦੀਆਂ ਰਾਜਨੀਤਿਕ ਪਾਰਟੀਆਂ ਦੀ ਸੋਚ ਨੂੰ ਬਦਲਣ ਦਾ ਕੰਮ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦੇ



ਪਵਨ ਸ਼ਰਮਾ ਕੌਮੀ ਸਕੱਤਰ ਨੈਸ਼ਨਲ ਜਸਟਿਸ ਪਾਰਟੀ ਔਫ ਇੰਡੀਆ ਵਲੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵਾਨ ਮਾਨ ਨੂੰ ਮੀਡਿਆ ਰਾਹੀ ਏਹ ਚੁਣੌਤੀ ਭੇਜ ਰਿਹਾ ਹਾਂ, ਕਿ ਉਹ ਆਮ ਆਦਮੀ ਦੀ ਪਾਰਟੀ ਹੋਣ ਦੇ ਦਾਵੇ ਨੂੰ ਸੱਚ ਕਰਕੇ ਵਿਖਾਏ ਅਤੇ ਪੈਟਰੋਲ, ਡੀਜਲ ਸਣੇ ਜਰੂਰੀ ਵਸਤਾਂ ਤੇ ਵੈਟ ਦਰ ਨੂੰ ਅੱਧਾ ਕਰ ਕੇ ਵਿਖਾਏ। ਇੱਕ ਹੋਰ ਜਰੂਰੀ ਅਤੇ ਮਹੱਤਵਪੂਰਨ ਦੇਸ਼ ਹਿੱਤ ਦਾ ਮੁੱਧਾ। ਮੇਰੀ ਇਹ ਗੱਲ ਸਾਰੇ ਪ੍ਰਦੇਸ਼ਾਂ ਦੀਆਂ ਗ਼ੈਰ ਭਾਜਪਾ ਸਰਕਾਰਾਂ ਨੂੰ ਚਾਂਦੀ ਸੋਨੇ ਅਤੇ ਮੈਟਲ ਦੀਆਂ ਹੋਰ ਧਾਤਾਂ ਤੇ ਵੈਟ ਦਰ ਅੱਧਾ ਪਰਸੈਂਟ ਕਰ ਵਿਦੇਸ਼ੀ ਤਾਕਤਾਂ ਜਿਨ੍ਹਾਂ ਨੇ ਸਾਥੋਂ ਸੋਨੇ ਦੀ ਚਿੜੀ ਕਹਾਉਣ ਦਾ ਤਗਮਾਂ ਖੋਇਆ ਸੀ ਅੱਜ ਬੱਚੇ ਖੁੱਚੇ ਖੰਬ ਨੋਚਣ ਲਈ ਤਿਆਰ ਬਰ ਤਿਆਰ ਬੈਠੀਆਂ ਨੇ ਫੇਰ ਨਾ ਆਖਿਓ ਨੈਸ਼ਨਲ ਜਸਟਿਸ ਪਾਰਟੀ ਨੇ ਆਗਾਹ ਨਹੀਂ ਸੀ ਕੀਤਾ। ਅਸੀਂ ਆਗਾਹ ਕਰ ਸਕਦੇ ਹਾਂ, ਪਰ ਕੋਈ ਫੈਸਲਾ ਨਹੀਂ ਕਰ ਸਕਦੇ, ਕਿਉਂਕਿ ਤੁਸੀਂ ਮੌਕੇ ਦੇ ਹਾਕਮ ਹੋ। ਇਨਸਾਫ ਦਾ ਤਰਾਜੂ ਤੁਹਾਡੇ ਹੱਥ ਵਿੱਚ ਹੈ। ਬਸ ਵੇਖਣਾ ਇਹ ਹੈ ਕਿ ਤੁਸੀਂ ਫੈਸਲਾ ਕਿਸਦੇ ਹੱਕ ਵਿੱਚ ਕਰਦੇ ਹੋ। ਮੁਲਕ ਦੇ ਕਰੋੜਾਂ ਆਮ ਆਦਮੀ ਦੇ ਹੱਕ ਵਿੱਚ ਜਾਂ ਖਾਸ ਆਦਮੀ ਉਹ ਮੁੱਠੀ ਭਰ ਵਿਦੇਸ਼ੀ ਤਾਕਤਾਂ ਦੇ ਨੁਮੇਂਦੇ (ਕਾਲੇ ਅੰਗਰੇਜਾਂ) ਦੇ ਹੱਕ ਵਿੱਚ। ਫੈਸਲਾ ਤੁਹਾਡੇ ਹੱਥ ਵਿੱਚ ਹੈ - ਵੇਖ ਰਹੇ ਹਾਂ ਅਸੀਂ ਅਤੇ ਸਾਡੇ ਨਾਲ ਵੇਖ ਰਿਹਾ ਹੈ ਮੁੱਲਕ ਦਾ ਕਰੀਬ 150 ਕਰੋੜ ਆਮ ਆਦਮੀ ਤੁਹਾਡੇ ਵੱਲ ਇਨਸਾਫ ਲਈ ਅਤੇ ਨੈਸ਼ਨਲ ਜਸਟਿਸ ਦੇ ਲਈ। ਹੁਣ ਇੰਤਜ਼ਾਰ ਤੁਹਾਡੇ ਇਨਸਾਫ ਦਾ। ਭਗਵੰਤ ਮਾਨ ਜੀ - ਤੇਰੀ ਮਹਿਫ਼ਿਲ ਮੇਂ ਕਿਸਮਤ ਆਜਮਾਂ ਕਰ ਹਮ ਭੀ ਦੇਖੇਂਗੇ।

# ਪਿੰਡ ਰੱਕੜਾਂ ਢਾਹਾ ਵਿਖੇ ਨਰੇਗਾ ਦਿਵਸ ਮਨਾਇਆ ਗਿਆ

**ਬਲਾਚੌਰ 15 ਮਈ(ਜਤਿੰਦਰ ਪਾਲ ਸਿੰਘ ਕਲੇਰ )** ਸੀਟੂ ਪੰਜਾਬ ਦੇ ਸੂਬਾਈ ਸੱਦੇ ਤੇ ਅੱਜ ਪਿੰਡ ਰੱਕੜਾਂ ਢਾਹਾ ਦੇ ਮਨਰੇਗਾ ਮਜ਼ਦੂਰਾਂ ਵਲੋਂ ਮਗਨਰੇਗਾ ਦਿਵਸ ਮਨਾਇਆ ਗਿਆ।ਟਰੇਡ ਯੂਨੀਅਨ ਆਗੂ ਪ੍ਰੇਮ ਰੱਕੜ ਨੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਅੱਜ ਦੇ ਦਿਨ ਦੀ ਮਹੱਤਤਾ ਦਸਦੇ ਹੋਏ ਮਗਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਦੀ ਵਿਆਖਿਆ ਕੀਤੀ। ਉਹਨਾਂ ਕੇਂਦਰ ਸਰਕਾਰ ਵਲੋਂ ਮਗਨਰੇਗਾ ਕਾਨੂੰਨ ਸਮਾਪਤ ਕਰਕੇ ਜੀ ਰਾਮ ਜੀ ਕਾਨੂੰਨ ਬਣਾਉਣ ਦੀ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਜੀ ਰਾਮ ਜੀ ਕਾਨੂੰਨ ਰੱਦ ਕਰਕੇ ਮੁੜ ਮਨਰੇਗਾ ਕਾਨੂੰਨੰ ਨ ਲਾਗੂ ਕੀਤਾ ਜਾਵੇ। ਕਿਉਂਕਿ ਮਗਨਰੇਗਾ ਕਾਨੂੰਨ ਵਿੱਚ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਸੀ,ਜਦਕਿ ਨਵੇਂ ਕਾਨੂੰਨ ਵਿੱਚ ਨਹੀਂ। ਮਨਰੇਗਾ ਕਾਨੂੰਨ ਅਨੁਸਾਰ ਗ੍ਰਾਮ ਪੰਚਾਇਤ ਇੰਪਲਾਇਰ ਸੀ , ਨਵੇਂ ਕਾਨੂੰਨ ਵਿੱਚ ਗ੍ਰਾਮ ਪੰਚਾਇਤ ਦੀ ਕੋਈ ਭੂਮਿਕਾ ਨਹੀਂ। ਮਗਨਰੇਗਾ ਮਜ਼ਦੂਰਾਂ ਨੇ ਮੰਗ ਕੀਤੀ ਕਿ ਸਾਲ ਵਿੱਚ ਰੁਜ਼ਗਾਰ 200 ਦਿਨ ਦਾ ਕੀਤਾ ਜਾਵੇ, ਮਗਨਰੇਗਾ ਸਕੀਮ ਸ਼ਹਿਰਾਂ ਵਿੱਚ ਵੀ ਚਲਾਈ ਜਾਵੇ,ਉਜਰਤ ਪ੍ਰਤੀ ਦਿਨ 700 ਰੁਪਏ ਕੀਤੀ ਜਾਵੇ, ਉਜ਼ਰਤਾਂ ਵਿੱਚ ਪੁਰਸ਼ ਔਰਤ ਦਾ ਵਖਰੇਵਾਂ ਖਤਮ ਕਰਕੇ ਬਰਾਬਰ ਕੀਤੀ ਜਾਵੇ। ਮਜ਼ਦੂਰ ਵਿਰੋਧੀ 4 ਕਿਰਤ ਕੋਡ ਰੱਦ ਕੀਤੇ ਜਾਣ। ਮਜ਼ਦੂਰਾਂ



ਵਿਰੋਧੀ ਕਾਲੇ ਕਾਨੂੰਨ ਰੱਦ ਕੀੜੇ ਜਾਣ। ਮਗਨਰੇਗਾ ਮਜ਼ਦੂਰਾਂ ਦਾ ਮੁਫ਼ਤ ਬੀਮਾ ਕੀਤਾ ਜਾਵੇ, ਮੁਫ਼ਤ ਸਿਹਤ ਸਹੂਲਤਾਂ ਦਿੱਤੀਆਂ ਜਾਣ। ਅੱਜ ਦੇ ਇਸ ਇਕੱਠ ਵਿੱਚ ਡੇਢ਼ ਦਰਜ਼ਨ ਦੇ ਕਰੀਬ ਮਗਨਰੇਗਾ ਮਜ਼ਦੂਰ ਔਰਤਾਂ ਅਤੇ ਪੁਰਸ਼ ਹਾਜ਼ਰ ਸਨ।ਜਿਹਨਾ ਵਿੱਚ ਸਰਵਸ਼੍ਰੀ ਮਹਿੰਦਰ ਰਾਮ, ਸਤਨਾਮ, ਸੁਰਿੰਦਰ ਕੌਰ, ਬੇਅੰਤ ਕੌਰ, ਕਮਲਜੀਤ ਕੌਰ, ਊਸ਼ਾ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

# ਨਸ਼ੇ ਦੇ ਰਾਹ ਪਏ ਨੌਜਵਾਨਾਂ ਕਾਰਨ ਬੁਢੇਪਾ ਰੁਲ ਰਿਹਾ:-ਸਾ: ਚਮਨ ਸਿੰਘ ਪਰੋਜੈਕਟ ਡਾਇਰੈਕਟਰ

**ਨਵਾਸ਼ਹਿਰ /ਕਾਠਗੜ੍ਹ 15ਮਈ ( ਜਤਿੰਦਰ ਪਾਲ ਸਿੰਘ ਕਲੇਰ )**: ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿ ਮੁੜ ਵਸੇਵਾ ਕੇਂਦਰ ਨਵਾਂ ਸ਼ਹਿਰ ਵੱਲੋਂ ਪਿੰਡ ਨੱਥਾ ਨੰਗਲ ਦੇ ਸਰਕਾਰੀ ਪ੍ਰਾਇਮਰੀ ਸਕੂਲ (ਜਿਲਾ ਸ਼ਹੀਦ ਭਗਤ ਸਿੰਘ ਨਗਰ )ਵਿਖੇ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸਰਦਾਰ ਚਮਨ ਸਿੰਘ ਪ੍ਰੋਜੈਕਟ ਡਾਇਰੈਕਟਰ ਨੇ ਕੀਤੀ । ਜਿਨਾਂ ਵੱਲੋਂ ਰੈਡ ਕਰਾਸ ਸੰਸਥਾ ਨਵਾਂ ਸ਼ਹਿਰ ਵੱਲੋਂ ਨਸ਼ਾ ਪੀੜਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਉਹਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆ ਵਿਰੁੱਧ ਸਕੀਮ ਤਹਿਤ ਅਹਿਮ ਰੋਲ ਅਦਾ ਕਰ ਰਹੀਆਂ ਹਨ। ਰੈਡ ਕਰਾਸ ਸੋਸਾਇਟੀ ਪਿੰਡਾਂ ਵਿੱਚ ਲਗਾਤਾਰ ਸੈਮੀਨਾਰ ਲਗਾ ਕੇ ਪਿੰਡ ਦੇ ਲੋਕਾਂ ਨੂੰ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਹੀ ਹੈ। ਉਹਨਾਂ ਨੇ ਦੱਸਿਆ ਕਿ ਨਸ਼ਾ ਮਾਨਵਤਾ ਲਈ ਘਾਤਕ ਸਿੱਧ ਹੋ ਰਿਹਾ ਹੈ ਅਤੇ ਸਮਾਜਿਕ ਜੀਵਨ ਵਿੱਚ ਕਿਸ ਤਰ੍ਹਾਂ ਇਸਦੀ ਹੋਂਦ ਵਧਦੀ ਜਾ ਰਹੀ ਹੈ। ਨਸ਼ਾ ਕਿਸ ਤਰ੍ਹਾਂ ਨੌਜਵਾਨਾਂ ਨੂੰ ਆਪਣੀ ਗ੍ਰਿਫਤ ਵਿੱਚ ਜਕੜ ਰਿਹਾ ਹੈ



ਕਿਸ ਤਰ੍ਹਾਂ ਅਸੀਂ ਆਉਣ ਵਾਲੀ ਪੀੜੀ ਨੂੰ ਇਸ ਤੇ ਪ੍ਰਭਾਵਾਂ ਤੋਂ ਬਚਾ ਸਕਦੇ ਹਾਂ। ਨਸ਼ਿਆਂ ਦੇ ਰਾਹ ਪਏ ਨੌਜਵਾਨ ਕਾਰਨ ਮਾਂ ਬਾਪ ਦਾ ਬੁਢਾਪਾ ਰੁਲ ਜਾਂਦਾ ਹੈ । ਨਸ਼ਿਆਂ ਤੋਂ ਪ੍ਰਭਾਵਿਤ ਨੌਜਵਾਨਾ ਦੀ ਸੜਕ ਹਾਦਸਿਆਂ ਵਿੱਚ ਅਜਾਈ ਮੌਤ ਕਾਰਨਾ ਪਿੱਛੇ ਪਰਿਵਾਰ ਰੁਲ ਜਾਂਦੇ ਹਨ। ਉਹਨਾਂ ਦੱਸਿਆ ਕਿ 10 ਲੱਖ ਦੇ ਕਰੀਬ ਲੋਕ ਪੰਜਾਬ ਵਿੱਚ ਹੀ ਨਸ਼ਿਆਂ ਤੋਂ ਪੀੜਤ ਹਨ ਉਹਨਾਂ ਨੇ ਨਸ਼ਾ ਮੁਕਤ ਅਭਿਆਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫਲ ਬਣਾਉਣ ਲਈ ਪਾ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਲੋਕ ਰੈਡ ਕਰਾਸ ਸੋਸਾਇਟੀ ਨਾਲ ਜੁੜਨ ਤਾਂ ਜੋ ਅਸੀਂ ਮਾਨਵਤਾ ਦੀ ਬਿਹਤਰੀ ਲਈ ਇਸ ਪਹਿਲ ਨੂੰ ਹੋਰ ਮਜਬੂਤ ਕਰ ਸਕੀਏ। ਇਸ ਮੌਕੇ ਤੇ ਮੌਜੂਦ ਪਿੰਡ ਦੇ ਸਰਪੰਚ ਸਰਕਾਰੀ ਐਲੀਮੈਂਟਰੀ ਸਕੂਲ ਦਾ ਸਟਾਫ ਆਂਗਣਵਾੜੀ ਵਰਕਰ ਅਤੇ ਹੈਲਪਰ ਅਤੇ ਸਮੂਹ ਸਕੂਲ ਦੇ ਬੱਚਿਆਂ ਨੇ ਪ੍ਰਣ ਲਿਆ ਕੇ ਉਹ ਆਪਣੇ ਪਰਿਵਾਰ ਵਿੱਚ ਕਿਸੇ ਵੀ ਨੂੰ ਵੀ ਨਸ਼ਾ ਨਹੀਂ ਕਰਨ ਦੇਣਗੇ। ਇਸ ਮੌਕੇ ਤੇ ਹੈਡ ਟੀਚਰ ਸੁਰਿੰਦਰ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣ ਕਰਾਇਆ ।ਉਹਨਾਂ ਦੱਸਿਆ ਕਿ ਬੱਚੇ ਕੋਲਡ ਡਰਿੰਕ ਅਤੇ ਪੈਕਟ ਬੰਦ ਚੀਜ਼ਾਂ ਖਾਣ ਤੋਂ ਪਰਹੇਜ਼ ਰੱਖਣ । ਵਿਜੇ ਕੁਮਾਰ ਕੌਂਸਲਰ ਨੇ ਵੀ ਕੇਂਦਰ ਦੀਆਂ ਗਤੀਵਿਧੀਆਂ ਬਾਰੇ ਦੱਸਿਆ ਕਿ ਇਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ । ਉਹਨਾਂ ਪਿੰਡ ਦੇ ਸਰਪੰਚ ਸਮੂਹ ਸਕੂਲ ਸਟਾਫ ਅਤੇ ਆਏ ਹੋਏ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਆਲੇ ਦੁਆਲੇ ਜੇਕਰ ਕੋਈ ਵੀ ਨੌਜਵਾਨ ਨਸ਼ੇ ਨਾਲ ਗ੍ਰਸਤ ਦਿਖਾਈ ਦਿੰਦਾ ਹੈ ਤਾਂ ਕੇਂਦਰ ਨਾਲ ਸੰਪਰਕ ਕਰਨ ਅਤੇ ਸਾਰਿਆਂ ਦਾ ਇਸ ਸੈਮੀਨਾਰ ਪਹੁੰਚਣ ਤੇ ਧੰਨਵਾਦ ਕੀਤਾ । ਇਸ ਮੌਕੇ ਤੇ ਰਮਨ ਕੁਮਾਰ ,ਸੁਰਿੰਦਰ ਕੁਮਾਰ ,ਸ਼ਵਦੇਸ਼ ਕੁਮਾਰ ਪਿਆਰਾ ਸਿੰਘ ,ਚਰਨ ਦਾਸ ,ਨਰਿੰਦਰ ਕੁਮਾਰ ,ਜਸਕਰਨ ,ਅਮਰ ਦਾਸ ,ਜਸਵਿੰਦਰ ਕੌਰ ,ਨੇਹਾ ,ਬੀਰੋ ,ਬੀਨਾ ਦੇਵੀ ,ਰੀਟਾ ਰਾਣੀ ਅਤੇ ਸਕੂਲ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਤਪਦਾ ਜੇਠ ਮਹੀਨਾ



ਹਾਏ! ਮਹੀਨਾ ਚੜ੍ਹਿਆ ਜੇਠ ਦਾ ,
ਗਰਮੀ ਵਾਲ਼ੇ ਕੱਢੇਗਾ ਵੱਟ ।

ਡਾਕਟਰਾਂ ਦੀਆਂ ਪੌਂ - ਬਾਰਾਂ , ਤੇ
ਠੰਢੀਆਂ ਚੀਜ਼ਾਂ ਦੀ ਚੱਲੂ ਹੱਟ।

ਘਰ,ਦਫ਼ਤਰ ਤੇ ਗੱਡੀਆਂ ਅੰਦਰ,
ਜਿਹਨਾਂ ਦੇ ਚੱਲਣਗੇ ਏ.ਸੀ ;

ਉਨ੍ਹਾਂ ਦਾ ਮੁੜ੍ਹਕਾ ਨਈਂ ਵਗਣਾ ,
ਖ਼ੂਨ ਰੁਲਦੂ ਦਾ ਲਊ ਇਹ ਚੱਟ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

# ਸਾਦਗੀ

ਚਿੱਟੇ ਲਿਬਾਸ ਵਿੱਚ ਬੈਠੀ ਉਹ,
ਜਿਵੇਂ ਚਾਨਣ ਦੀ ਕੋਈ ਲੌ ਹੋਵੇ।
ਅੱਖਾਂ ਵਿੱਚ ਡੂੰਘੀ ਖਾਮੋਸ਼ੀ,
ਦਿਲ ਵਿੱਚ ਰੱਬ ਦਾ ਨਾਂ ਹੋਵੇ।
ਨਾ ਉੱਚੀ ਆਵਾਜ਼, ਨਾ ਦਿਖਾਵਾ,
ਫਿਰ ਵੀ ਸਭ ਤੋਂ ਵੱਖਰੀ ਲੱਗੇ।
ਹੌਲੀ ਜਿਹੀ ਮੁਸਕਾਨ ਉਸਦੀ,
ਥੱਕੇ ਦਿਲਾਂ ਨੂੰ ਵੀ ਰਾਹ ਦਿਖਾਵੇ।
ਵਾਲਾਂ ਦੀ ਹਰ ਲਟ ਜਿਵੇਂ,
ਕੋਈ ਰਾਤ ਸੁਹਾਣੀ ਲਿਖਦੀ ਹੋਵੇ।
ਚਿਹਰੇ ਦੀ ਮਾਸੂਮ ਰੌਣਕ,
ਹਰ ਵੇਲੇ ਦੁਆਵਾਂ ਦਿੰਦੀ ਹੋਵੇ।
ਸਾਦਗੀ ਦੀ ਮੂਰਤ ਲੱਗੇ,
ਨਿਮਰਤਾ ਜਿਸਦਾ ਗਹਿਣਾ ਏ।
ਐਵੇਂ ਲੋਕ ਹੀ ਦੁਨੀਆ ਵਿੱਚ,
ਰੱਬ ਦੇ ਸੋਹਣੇ ਚਿਹਰੇ ਹੁੰਦੇ ਨੇ।



**ਗੁਰਭਿੰਦਰ ਗੁਰੀ**

# ਅਸੀ ਵੀ ਕਨੇਡਾ ਆਵਾਂਗੇ

ਅਸੀ ਵੀ ਕਨੇਡਾ ਆਵਾਂਗੇ
ਗ਼ਲਤ ਮਲਤ ਤਰੀਕਿਆਂ ਨਾਲ ਪਹੁੰਚ ਜਾਵਾਂਗੇ
ਤੇ ਆ ਕੇ ਅਸੀ ਕਦੀ ਵਾਪਸ ਨਹੀ ਜਾਵਾਂਗੇ
ਅਸੀ ਹਰ ਬਾਤ ਦਾ ਬਤੰਗੜ ਬਣਾਵਾਂਗੇ
ਤੇ ਪਤਾ ਨਹੀ ਕਿੰਨਿਆਂ ਕੁ ਦੀਆਂ
ਅੱਖਾਂ ਵਿੱਚ ਘੱਟਾ ਪਾਵਾਂਗੇ
ਨਿਆਣੇ ਪਤਨੀ ਸਮੇਤ ਪਿੱਛੇ ਛੱਡ ਆਵਾਂਗੇ
ਬਦੇਸ਼ ਪਹੁੰਚ ਕੇ ਨਵੇਂ ਵਿਆਹ ਰਚਾਵਾਂਗੇ
ਤੇ ਏਥੇ ਆ ਕੇ ਨਵੇਂ ਹੀ ਚੰਦ ਚੜ੍ਹਾਵਾਂਗੇ
ਕਨੇਡਾ ਵਿੱਚ ਹੀ ਕਿਤੇ ਲੁਕ -ਛਿਪ ਜਾਵਾਂਗੇ
ਕਿਸੇ ਦੇ ਕੰਮ ਨਹੀ ਆਵਾਂਗੇ
ਆਪਣੇ ਜੰਮਣ ਵਾਲਿਆਂ ਨੂੰ ਵੀ ਭੁੱਲ ਜਾਵਾਂਗੇ
ਤੁਰੇ ਤੁਰੇ ਜਾਂਦੇ ਇੰਨਾਂ ਦੀਆਂ
ਸਾਫ ਸੜਕਾਂ ਉੱਤੇ ਗੰਦ ਪਾਵਾਂਗੇ
ਬਿਨਾ ਲੋੜ ਗੱਡੀਆਂ ਦਾ ਹਾਰਨ ਵਜਾਵਾਂਗੇ
ਆਪਣੇ ਹਰ ਅੰਗ ਉੱਤੇ ਟੈਟੋ ਬਣਾਵਾਂਗੇ
ਫੁੱਲ ਵੌਲੀਅਮ ਉੱਤੇ ਡੈਕ ਵਜਾਵਾਂਗੇ
ਨਸ਼ੇ ਕਰਕੇ ਵਿਹਲੜ ਪੰਜਾਬੀਆਂ ਵਾਂਗ
ਬੁਲਬੁਲੀਆਂ ਮਾਰਾਂਗੇ ਤੇ ਬੱਕਰੇ ਵੀ ਬੁਲਾਵਾਂਗੇ
ਆਪਣੇ ਆਪ ਨੂੰ ਫੁਕਰੇ ਕਹਾਵਾਂਗੇ
ਦੂਜੀਆਂ ਕੌਮਾਂ ਵਿੱਚ ਵੀ ਪੂਰਾ ਭੜਥੂ ਪਾਵਾਂਗੇ
ਕਿਸੇ ਨੂੰ ਚੈਨ ਨਾਲ ਸਕੂਨ ਨਾਲ ਨਹੀ ਬੈਠਣ ਦੇਵਾਂਗੇ
ਸਿਗਰਟ ਦਾ ਲੰਬਾ ਕਸ਼ ਅੰਦਰ ਵੱਲ ਖਿੱਚ ਕੇ
ਤੇ ਲੰਬਾ ਸਾਹ ਬਾਹਰ ਛੱਡ ਕੇ
ਸਿਰ ਉੱਪਰ ਬਦਲੀਆਂ ਬਣਾਵਾਂਗੇ
ਸੰਨੀ ਡੇਅ ਵਾਲੇ ਦਿਨ ਤਾਂ
ਆਪਣੀ ਉਕਾਤ ਵੀ ਭੁੱਲ ਜਾਵਾਂਗੇ
ਨਸ਼ਿਆਂ ਦੀ ਦਲਦਲ ਵਿੱਚ ਫਸ ਜਾਵਾਂਗੇ
ਜੇਲ੍ਹ ਜਾਵਾਂਗੇ ਜਾਂ ਜੁੱਤੀਆਂ ਖਾਵਾਂਗੇ
ਆਖਰ ਡੀਪੋਟ ਹੋਵਾਂਗੇ ਜਾਂ ਮਰ ਜਾਵਾਂਗੇ
ਹੈਂ! ਅਸੀ ਇਹ ਕੁਝ ਕਰਾਂਗੇ !!
ਨਹੀ ਅਸੀ ਕਦੀ ਕਨੇਡਾ ਨਹੀ ਆਵਾਂਗੇ
ਅਸੀ ਆਪਣਾ ਆਪ ਤੇ ਆਪਣਾ ਮੁਲਕ ਬਚਾਵਾਂਗੇ
ਏਥੇ ਹੀ ਕੋਈ ਮਹਾਂ ਤਬਦੀਲੀ ਲਿਆਵਾਂਗੇ
ਆਵਾਂਗੇ ਤਾਂ ਇਨਸਾਨਾਂ ਵਾਂਗ ਆਵਾਗੇ
ਨਹੀ ਤਾਂ ਕਦੀ ਵੀ ਨਹੀ ਆਵਾਂਗਾ
ਓਹਨਾ ਚਿਰ ਤਾਂ ਬਿਲਕੁਲ ਨਹੀ ਆਵਾਂਗੇ
ਜਿਨਾ ਚਿਰ ਆਪਣੇ ਆਪ ਨੂੰ
ਸਹੀ ਪੰਜਾਬੀ ਨਹੀ ਅਖਵਾਵਾਂਗੇ
ਹਾਂ ਹਾਂ ਅਸੀ ਨਹੀ ਆਵਾਂਗੇ
ਜਿਨਾ ਚਿਰ ਅਸੀ ਆਪਣੇ ਆਪ ਨੂੰ
ਸਹੀ ਇਨਸਾਨ ਨਹੀ ਕਹਾਵਾਂਗੇ......



**ਰਾਹੀ ਤਰਸੇਮ ਦੀਵਾਨਾ ਹੁਸ਼ਿਆਰਪੁਰ**

# ਐ ਜ਼ਿੰਦਗੀ...

ਜ਼ਿੰਦਗੀ! ਦੁੱਖ ਭਾਰੇ ਤੇ ਵੇਖ ਅਸੀਂ ਕਿੰਝ ਲਿੱਸੇ ਹੋ ਗਏ.,
ਫਿਕਰਾਂ ਨਾਲ ਭਰੀ ਜਵਾਨੀ ਵਿੱਚ ਵਾਲ ਚਿੱਟੇ ਹੋ ਗਏ..!

ਖ਼ਬਰੇ ਮੰਜ਼ਿਲ ਮੇਰੇ ਨਸੀਬਾਂ ਚ ਲਿਖੀ ਹੈ ਵੀ ਜਾਂ ਨਹੀਂ..
ਤੈਅ ਕਰ ਕਰ ਸਫਰ ਏ ਕਿਸਮਤ ਵਿੰਗੇ ਗਿੱਟੇ ਹੋ ਗਏ..!

ਨਾ ਉਹ ਐਸ਼ ਰਹੀ, ਨਾ ਉਹ ਗ਼ਫ਼ਲਤ, ਨਾ ਉਹ ਬਰਕਤ.,
ਬਾਪ ਦੇ ਸਾਏ ਬਿਨਾਂ ਮਿਹਨਤ ਦੇ ਸਭ ਫਲ ਫਿੱਕੇ ਹੋ ਗਏ.!

ਭਰੇ ਦਿਨ ਸੁਧਾਰਨ ਦੇ ਖਾਬ ਅੱਖਾਂ ਵਿੱਚ ਮੈਂ ਖਾਨਦਾਨ ਦੇ,
ਹੋਇਆ ਇੰਝ ਗੜਿਆਂ ਦੀ ਮਾਰ ਚ ਖਾਲੀ ਸਿੱਟੇ ਹੋ ਗਏ.!

ਜਿਸਨੂੰ ਜਿਉਂਦੇ ਜੀਅ ਮਿਹਨਤ ਕਰਕੇ ਵੀ ਪੈਸਾ ਨਾ ਜੁੜਿਆ.,
ਹੋਇਆ ਲਾਸ਼ ਤਾਂ ਪੈਰਾਂ ਚ ਇਕੱਠੇ ਕਿੰਨੇ ਈ ਸਿੱਕੇ ਹੋ ਗਏ.!



**ਸੰਦੀਪ ਖੁੱਲਰ**



# ਲੇਬਰ ਪਾਰਟੀ ’ਚ ਲੀਡਰਸ਼ਿਪ ਸੰਕਟ ਹੋਰ ਗਹਿਰਾਇਆ

**ਲੈਸਟਰ(ਇੰਗਲੈਂਡ),,15 ਮਈ (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੀ ਸੱਤਾਧਾਰੀ ਲੇਬਰ ਪਾਰਟੀ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਲੀਡਰਸ਼ਿਪ ਨੂੰ ਲੈ ਕੇ ਚੱਲ ਰਹੀ ਚਰਚਾ ਹੋਰ ਤੇਜ਼ ਹੋ ਗਈ ਹੈ। ਸਾਬਕਾ ਸਿਹਤ ਮੰਤਰੀ ਵੇਸ ਸਟਰੀਟਿੰਗ ਦੇ ਇਕ ਸਾਥੀ ਨੇ ਮੀਡੀਆ ਨੂੰ ਦੱਸਿਆ ਹੈ ਕਿ ਜੇਕਰ ਲੇਬਰ ਪਾਰਟੀ ਵਿੱਚ ਲੀਡਰਸ਼ਿਪ ਚੋਣ ਹੁੰਦੀ ਹੈ ਤਾਂ ਸਟਰੀਟਿੰਗ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਰਣ ਦਾ ਇਰ-ਾਦਾ ਰੱਖਦੇ ਹਨ। ਸਟਰੀਟਿੰਗ ਨੇ ਵੀਰਵਾਰ ਨੂੰ ਸਿਹਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦਿੰਦਿਆਂ ਕਿਹਾ ਸੀ ਕਿ ਉਨ੍ਹਾਂ ਦਾ ਕੀਰ ਸਟਾਰਮਰ ਦੀ ਲੀਡਰਸ਼ਿਪ ’ਤੇ ਭਰੋਸਾ ਨਹੀਂ ਰਿਹਾ। ਇਸੇ ਦੌਰਾਨ ਗਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹੈਮ ਦੀ ਵੈਸਟਮਿੰਸਟਰ ਵਾਪਸੀ ਦੀ ਕੋਸ਼ਿਸ਼ ਨੂੰ ਲੇਬਰ ਪਾਰਟੀ ਅੰਦਰ ਕਈ ਆਗੂਆਂ ਵੱਲੋਂ ਸਮਰਥਨ ਮਿਲ ਰਿਹਾ ਹੈ। ਲੇਬਰ ਦੀ ਡਿਪਟੀ ਲੀਡਰ ਲੂਸੀ ਪਾਵਲ ਨੇ ਕਿਹਾ ਕਿ ਉਹ ਬਰਨਹੈਮ ਦੇ ਸੰਸਦ ਵਿੱਚ ਵਾਪਸ ਆਉਣ ਦੇ ਫੈਸਲੇ ਦਾ ਪੂਰਾ ਸਮਰਥਨ ਕਰਦੀ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਬਰਨਹੈਮ ਮੇਕਰਫੀਲਡ ਉਪ ਚੋਣ ਵਿੱਚ ਲੇਬਰ ਦੇ ਉਮੀਦਵਾਰ ਹੋਣਗੇ। ਮੇਕਰਫੀਲਡ ਤੋਂ ਮੌਜੂਦਾ ਲੇਬਰ ਸੰਸਦ ਮੈਂਬਰ ਜੋਸ਼ ਸਿਮਨਜ਼ ਨੇ ਬਰਨਹੈਮ ਲਈ ਆਪਣੀ ਸੀਟ ਛੱਡਣ ਦਾ ਐਲਾਨ ਕੀਤਾ ਹੈ, ਜਿਸ ਨਾਲ ਇਸ ਹਲਕੇ ਵਿੱਚ ਉਪ ਚੋਣ ਦਾ ਰਾਹ ਖੁੱਲ੍ਹ ਗਿਆ ਹੈ। ਬਰਨਹੈਮ ਇਸ ਵੇਲੇ ਸੰਸਦ ਮੈਂਬਰ ਨਹੀਂ ਹਨ, ਇਸ ਲਈ ਉਹ ਲੇਬਰ ਲੀਡਰਸ਼ਿਪ ਨੂੰ ਤਦ ਹੀ ਚੁਣੌਤੀ ਦੇ ਸਕਣਗੇ ਜੇਕਰ ਪਹਿਲਾਂ ਉਹ ਉਪ ਚੋਣ ਜਿੱਤ ਕੇ ਹਾਊਸ ਆਫ਼ ਕਾਮਨਜ਼ ਵਿੱਚ ਵਾਪਸ ਆਉਣ। ਹਾਲਾਂਕਿ ਬਰਨਹੈਮ ਨੂੰ ਉਮੀਦਵਾਰ ਬਣਨ ਲਈ ਲੇਬਰ ਪਾਰਟੀ ਦੀ ਨੈਸ਼ਨਲ ਐਗਜ਼ਿਕਿਊਟਿਵ ਕਮੇਟੀ ਤੋਂ ਮਨਜ਼ੂਰੀ ਲੈਣੀ ਪਵੇਗੀ। ਰਿਪੋਰਟਾਂ ਮੁਤਾਬਕ ਪਾਰਟੀ ਅੰਦਰ ਇਹ ਮਾਮਲਾ ਇਸ ਹਫ਼ਤੇ ਅੰਤ ਤੱਕ ਵਿਚਾਰਿਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਫਰਵਰੀ ਵਿੱਚ ਗੋਰਟਨ ਅਤੇ ਡੈਂਟਨ ਉਪ ਚੋਣ ਲਈ ਬਰਨਹੈਮ ਦੀ ਵੈਸਟਮਿੰਸਟਰ ਵਾਪਸੀ ਦੀ ਕੋਸ਼ਿਸ਼ ਰੋਕੀ ਗਈ ਸੀ, ਪਰ ਮੌਜੂਦਾ ਰਾਜਨੀਤਿਕ ਹਾਲਾਤ ਵੱਖਰੇ ਦਿਖਾਈ ਦੇ ਰਹੇ ਹਨ।

ਵੇਸ ਸਟਰੀਟਿੰਗ ਨੇ ਵੀ ਬਰਨਹੈਮ ਦੀ ਮੇਕਰਫੀਲਡ ਉਮੀਦਵਾਰੀ ਦਾ ਸਮਰਥਨ ਕਰਦਿਆਂ ਕਿਹਾ ਕਿ ਲੇਬਰ ਨੂੰ ਆਪਣੇ “ਸਭ ਤੋਂ ਵਧੀਆ ਖਿਡਾਰੀ ਮੈਦਾਨ ਵਿੱਚ” ਲਿਆਉਣੇ ਚਾਹੀਦੇ ਹਨ ਅਤੇ ਮੇਕਰਫੀਲਡ ਵਿੱਚ ਜਿੱਤ ਲਈ ਬਰਨਹੈਮ ਮਜ਼ਬੂਤ ਉਮੀਦਵਾਰ ਹੋ ਸਕਦੇ ਹਨ। ਦੂਜੇ ਪਾਸੇ ਹਾਊਸਿੰਗ ਸਕੱਤਰ ਸਟੀਵ ਰੀਡ ਨੇ ਕੀਰ ਸਟਾਰਮਰ ਦਾ ਸਮਰਥਨ ਕਰਦਿਆਂ ਪਾਰਟੀ ਸਾਥੀਆਂ ਨੂੰ “ਸਾਹ ਲੈਣ” ਅਤੇ ਜਲਦਬਾਜ਼ੀ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੇਬਰ ਲਈ ਹਫ਼ਤਾ ਮੁਸ਼ਕਲ ਰਿਹਾ ਹੈ, ਪਰ ਇਸ ਦਾ ਹੱਲ ਅੰਦਰੂਨੀ ਲੜਾਈ ਨਹੀਂ ਹੈ। ਚੋਣ ਮਾਹਿਰ ਸਰ ਜੌਨ ਕਰਟਿਸ ਨੇ ਕਿਹਾ ਹੈ ਕਿ ਮੇਕਰਫੀਲਡ ਵਿੱਚ ਬਰਨਹੈਮ ਲਈ ਰਾਹ ਆਸਾਨ ਨਹੀਂ ਹੋਵੇਗਾ। 2024 ਦੀਆਂ ਆਮ ਚੋਣਾਂ ਵਿੱਚ ਲੇਬਰ ਦੀ ਇਸ ਸੀਟ ’ਤੇ ਰੀਫਾਰਮ ਯੂ.ਕੇ. ਉੱਤੇ ਬੜਤ ਸੀ, ਪਰ ਹਾਲੀਆ ਸਥਾਨਕ ਚੋਣਾਂ ਵਿੱਚ ਰੀਫਾਰਮ ਨੇ ਵਿਗਨ ਬੋਰੋ ਵਿੱਚ ਮਜ਼ਬੂਤ ਪ੍ਰਦਰਸ਼ਨ ਕੀਤਾ ਹੈ। ਰੀਫਾਰਮ ਯੂ.ਕੇ. ਨੇ ਐਲਾਨ ਕੀਤਾ ਹੈ ਕਿ ਉਹ ਇਸ ਉਪ ਚੋਣ ਵਿੱਚ ਪੂਰੀ ਤਾਕਤ ਨਾਲ ਲੜੇਗੀ। ਮੇਕਰਫੀਲਡ ਦੇ ਲੋਕਾਂ ਦੀ ਰਾਏ ਵੀ ਵੰਡੀ ਹੋਈ ਦਿਖ ਰਹੀ ਹੈ। ਕੁਝ ਵੋਟਰ ਬਰਨਹੈਮ ਨੂੰ ਲੇਬਰ ਲਈ ਮਜ਼ਬੂਤ ਚਿਹਰਾ ਮੰਨ ਰਹੇ ਹਨ, ਜਦਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਲੇਬਰ ਪਾਰਟੀ ਤੋਂ ਨਿਰਾਸ਼ ਹਨ। ਕਈ ਵੋਟਰ ਰੀਫਾਰਮ ਯੂ.ਕੇ. ਵੱਲ ਝੁਕਾਅ ਵੀ ਦਿਖਾ ਰਹੇ ਹਨ।ਰਾਜਨੀਤਿਕ ਮਾਹਿਰਾ ਮੁਤਾਬਕ ਮੇਕਰਫੀਲਡ ਦੀ ਉਪ ਚੋਣ ਹੁਣ ਸਿਰਫ਼ ਇੱਕ ਸੰਸਦੀ ਸੀਟ ਦੀ ਲੜਾਈ ਨਹੀਂ ਰਹੀ, ਸਗੋਂ ਇਹ ਕੀਰ ਸਟਾਰਮਰ ਦੀ ਲੀਡਰਸ਼ਿਪ, ਐਂਡੀ ਬਰਨਹੈਮ ਦੀ ਵੈਸਟਮਿੰਸਟਰ ਵਾਪਸੀ ਅਤੇ ਲੇਬਰ ਪਾਰਟੀ ਦੇ ਭਵਿੱਖ ਲਈ ਵੱਡੀ ਪਰਖ ਬਣ ਸਕਦੀ ਹੈ।

# ਪਿੰਡ ਤੇਹਿੰਗ ਦੇ ਵਸਨੀਕ ਕੁਲਵਿੰਦਰ ਸਿੰਘ ਜੌਹਲ ਬਣੇ ਯੂ ਕੇ ਦੇ ਸਹਿਰ ਲੈਸਟਰ ਦੇ ਲਾਰਡ ਮੇਅਰ

**ਫਿਲੌਰ/ਅੱਪਰਾ,15 ਮਈ (ਦੀਪਾ)–**ਅੱਜ ਫਿਲੌਰ ਇਲ-ਾਕੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪਿੰਡ ਤੇਹਿੰਗ ਦੇ ਵਸਨੀਕ ਕੁਲਵਿੰਦਰ ਸਿੰਘ ਜੌਹਲ ਬਣੇ ਯੂ ਕੇ ਦੇ ਸਹਿਰ ਲੈਸਟਰ ਦੇ ਲਾਰਡ ਮੇਅਰ ਚੁਣੇ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦਾਵਰ ਸਿੰਘ ਮਸਾਣੀ ਨੇ ਦੱਸਿਆ ਕਿ ਉਨ੍ਹਾਂ ਦੇ ਭੂਆ ਜੀ ਦੇ ਲੜਕੇ ਪਿੰਡ ਤੇਹਿੰਗ ਦੇ ਵਸਨੀਕ ਕੁਲਵਿੰਦਰ ਸਿੰਘ ਜੌਹਲ ਬਣੇ ਯੂ ਕੇ ਦੇ ਸਹਿਰ ਲੈਸਟਰ ਦੇ ਲਾਰਡ ਮੇਅਰ ਚੁਣੇ ਗਏ ਹਨ। ਉਹ ਇੱਕ ਸਾਬਤ ਸੂਰਤ ਗੁਰਸਿੱਖ ਹਨ। ਉਨਾਂ ਦੇ ਪਿੰਡ ਤੇਹਿੰਗ ਤੇ ਮਸਾਣੀ ਵਿਖੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ।




# ਮੁੱਖ ਅਧਿਆਪਕ ਦੀ ਫਿਨਲੈਂਡ ਯਾਤਰਾ ਸਬੰਧੀ ਸਕੂਲ ਸਟਾਫ ਵੱਲੋਂ ਸ਼ੁਭਕਾਮਨਾਵਾਂ :- ਜਸਵਿੰਦਰ ਜੱਸ

**ਫ਼ਰੀਦਕੋਟ (ਸ਼ਿਵਨਾਥ)** ਸਰਕਾਰੀ ਪ੍ਰਾਇਮਰੀ ਸਕੂਲ ਮਿਸ਼ਰੀ ਵਾਲਾ ਦੇ ਮੁੱਖ ਅਧਿਆਪਕ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਨੂੰ ਸਿੱਖਿਆ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਅਤੇ ਨਵੀਨਤਮ ਅਧਿਆਪਨ ਤਰੀਕਿਆਂ ਲਈ ਫਿਨਲੈਂਡ ਦੌਰੇ ਲਈ ਚੁਣਿਆ ਗਿਆ ਹੈ। ਇਹ ਦੌਰਾ ਸਿੱਖਿਆ ਪ੍ਰਣਾਲੀ ਦੇ ਅਧਿਐਨ ਅਤੇ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਰਵਾਇਆ ਜਾਂਦਾ ਹੈ। ਸਕੂਲ ਸਟਾਫ਼ ਅਤੇ ਸਕੂਲ ਮੈਨੇਜਮੈਂਟ ਕਮੇਟੀ ਤੇ ਵਿਦਿਆਰਥੀਆਂ ਵਿੱਚ ਇਸ ਮੌਕੇ ਨੂੰ ਲੈ ਕੇ ਬਹੁਤ ਖੁਸ਼ੀ ਦੀ ਲਹਿਰ ਦੇਖੀ ਗਈ , ਸਕੂਲ ਦੇ ਅਧਿਆਪਕਾਂ ਨੇ ਕਿਹਾ ਕਿ ਇਹ ਸਾਡੇ ਸਕੂਲ ਲਈ ਗੌਰਵ ਦੀ ਗੱਲ ਹੈ ਕਿ ਸਾਡੇ ਐਚ.ਟੀ.



ਸਾਹਿਬ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਸਿੱਖਿਆ ਪ੍ਰਣਾਲੀ ਨੂੰ ਸਮਝਣ ਦਾ ਮੌਕਾ ਮਿਲ ਰਿਹਾ ਹੈ। ਇਸ ਮੌਕੇ ’ਤੇ ਸਕੂਲ ਵਿੱਚ ਇੱਕ ਵਿਸ਼ੇਸ਼ ਸਮਾਗਮ ਵੀ ਕਰਵਾਇਆ ਗਿਆ। ਜਿਸ ਵਿੱਚ ਸਕੂਲ ਸਟਾਫ਼, ਸਕੂਲ ਮੈਨੇਜਮੈਂਟ ਕਮੇਟੀ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਅਧਿਆਪਕ ਜੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਤੇ ਉਮੀਦ ਜਤਾਈ ਗਈ ਕਿ ਉਹ ਫਿਨਲੈਂਡ ਦੀ ਆਧੁਨਿਕ ਸਿੱਖਿਆ ਪ੍ਰਣਾਲੀ ਦੇ ਤਜਰਬੇ ਪ੍ਰਾਪਤ ਕਰ ਵਾਪਸ ਆ ਕੇ ਸਕੂਲ ਅਤੇ ਵਿਦਿਆਰਥੀਆਂ ਦੇ ਵਿਕਾਸ ਵਿੱਚ ਹੋਰ ਯੋਗਦਾਨ ਪਾਉਣਗੇ। ਸਾਰੇ ਸਕੂਲ ਪਰਿਵਾਰ ਵੱਲੋਂ ਉਹਨਾਂ ਦੀ ਸੁਖਦ ਅਤੇ ਸਫਲ ਯਾਤਰਾ ਲਈ ਦਿਲੋਂ ਵਧਾਈਆਂ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਸ. ਹਰਦੀਪ ਸਿੰਘ ਬਰਾੜ ਸਕੂਲ ਸਟਾਫ ਸ.ਸਤਪਾਲ ਸਿੰਘ, ਜਸਵਿੰਦਰ ਸਿੰਘ, ਅਮਿਤ ਕੁਮਾਰ ਜੀ ਚੰਦਰ ਦਿਓੜਾ ਆਦਿ ਅਧਿਆਪਕ ਹਾਜ਼ਰ ਸਨ ।

# ਗੌਤਮ ਮਰਵਾਹਾ ਤੇ ਮਰਵਾਹਾ ਪਰਿਵਾਰ ਨੂੰ ਸਦਮਾ, ਮਾਤਾ ਦਾ ਦੇਹਾਂਤ

**ਫਿਲੌਰ/ਅੱਪਰਾ, 15 ਮਈ (ਦੀਪਾ)**-ਗੌਤਮ ਮਰਵਾਹਾ ਤੇ ਮਰਵਾਹਾ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਮਾਤਾ ਵੀਨਾ ਮਰਵਾਹਾ ਦਾ ਬੀਤੇ ਦਿਨ ਅਚਾਨਕ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਰਹਿੰਦੇ ਸਨ। ਉਨਾਂ ਦੀ ਬੇਵਕਤੀ ਮੌਤ ਤੇ ਇਲਾਕੇ ਭਰ ਦੇ ਸਰਪੰਚਾਂ, ਪੰਚਾਂ, ਨੰਬਰਦਾਰਾਂ, ਵੱਖ ਵੱਖ ਰਾਜਨੀਤਿਕ ਪਾਰਟੀਆਂ ਤੇ ਸਮਾਜਿਕ ਸੰਸਥਾਵਾਂ



ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਨਾਂ ਦਾ ਅੰਤਿਮ ਸੰਸਕਾਰ ਅੱਜ ਸੁਨੇਤ ਲੁਧਿਆਣਾ ਵਿਖੇ ਕਰ ਦਿੱਤਾ ਗਿਆ ਹੈ।




# ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੀ ਕਲਾਸ 10+2 ਦਾ ਸ਼ਾਨਦਾਰ 100% ਫੀਸਦੀ ਨਤੀਜਾ

## ਸੁਖਮਨਦੀਪ ਕੌਰ ਨੇ 97% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ

**ਬੰਗਾ 15 ਮਈ (ਚਰਨਜੀਤ ਸੱਲ੍ਹਾ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀ.ਬੀ.ਐਸ.ਈ. ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਸਿੱਧ ਵਿਦਿਅਕ ਸੰਸਥਾ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ-ਕਲੇਰਾਂ ਦੀ ਕਲਾਸ 10+2 ਦੇ ਆਰਟਸ, ਕਾਮਰਸ, ਸਾਇੰਸ ਗਰੁੱਪਾਂ (ਨਾਨ ਮੈਡੀਕਲ ਅਤੇ ਮੈਡੀਕਲ) ਸ਼ੈਸ਼ਨ 2025-26 ਦਾ ਨਤੀਜਾ 100% ਫੀਸਦੀ ਰਿਹਾ ਹੈ । ਕਾਮਰਸ ਗਰੁੱਪ ਦੀ ਵਿਦਿਆਰਥਣ ਸੁਖਮਨਦੀਪ ਕੌਰ ਨੇ 97% ਅੰਕ ਪ੍ਰਾਪਤ ਕਰਕੇ ਆਲ ਉਵਰ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ । ਇਹ ਜਾਣਕਾਰੀ ਸਕੂਲ ਦੇ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਅਤੇ ਪ੍ਰਿੰਸੀਪਲ ਮੈਡਮ ਵਨੀਤਾ ਚੋਟ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ 10+2 ਕਲਾਸ ਦੇ ਸਾਇੰਸ ਗਰੁੱਪ ਵਿਚੋਂ ਪਹਿਲਾ ਸਥਾਨ ਹਰਲੀਨ ਕੌਰ ਪੁੱਤਰੀ ਕੁਲਦੀਪ ਸਿੰਘ- ਬਲਵਿੰਦਰ ਕੌਰ ਪਿੰਡ ਘੁੰਮਣ ਨੇ 91.2% ਅੰਕਾਂ ਨਾਲ ਪਹਿਲਾ ਸਥਾਨ, ਨਵਦੀਪ ਬੈਂਸ ਪੁੱਤਰ ਮੱਖਣ ਬੈਂਸ- ਸੋਨੀਆ ਪਿੰਡ ਚੱਕ ਗੁਰੂ ਨੇ 91% ਅੰਕਾਂ ਨਾਲ ਦੂਜਾ ਸਥਾਨ ਅਤੇ ਤੀਜਾ ਸਥਾਨ ਅੰਕਿਤਾ ਸ਼ਰਮਾ ਪੁੱਤਰੀ ਹਰਦੀਪ ਰਾਏ- ਮਨੀਸ਼ਾ ਬੰਗਾ ਨੇ 90% ਅੰਕ ਹਾਸਲ ਕਰਕੇ ਕੀਤਾ । ਜਦੋਂ ਕਿ ਕਾਮਰਸ ਗਰੁੱਪ ਵਿਚ ਸੁਖਮਨਦੀਪ ਕੌਰ ਪੁੱਤਰੀ ਪ੍ਰਦੀਪ ਸਿੰਘ-ਸੰਦੀਪ ਕੌਰ ਪਿੰਡ ਬਾਹੜ ਮਜਾਰਾ ਨੇ 97% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਾਨਵ ਸਰੋਆ ਪੁੱਤਰ ਚਰਨਜੀਤ ਕੁਮਾਰ ਸਰੋਆ- ਸ੍ਰੀਮਤੀ ਕੁਲਵਿੰਦਰ ਕੌਰ ਪਿੰਡ ਚੱਕ-ਗੁਰੂ ਨੇ 94% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਤੀਜਾ ਸਥਾਨ ਸੁਖਮਨ ਕੌਰ ਪੁੱਤਰੀ ਹਰਦੀਪ ਸਿੰਘ- ਸਰਬਜੀਤ ਕੌਰ ਪਿੰਡ ਕਟ ਨੇ 93 %ਅੰਕ ਪ੍ਰਾਪਤ ਕਰਕੇ ਕੀਤਾ। ਆਰਟਸ ਗਰੁੱਪ ਵਿਚ ਨਿਧੀ ਪੁੱਤਰੀ ਸੂਰਜ ਕੁਮਾਰ- ਆਸ਼ਾ ਰਾਣੀ ਪਿੰਡ ਝੰਡੇਰ ਕਲਾਂ ਨੇ 93% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਦੂਜਾ ਸਥਾਨ ਹਰਲੀਨ ਕੌਰ ਪੁੱਤਰੀ ਮਨਦੀਪ ਸਿੰਘ-ਪਰਪਿੰਦਰ ਕੌਰ ਪਿੰਡ ਭਰੋਲੀ ਨੇ 89.2% ਅੰਕਾਂ ਨਾਲ ਅਤੇ ਤੀਜਾ ਸਥਾਨ ਇੰਦਰਪ੍ਰੀਤ ਕੌਰ ਪੁੱਤਰੀ ਬਲਵੀਰ ਸਿੰਘ- ਜਸਵੀਰ ਕੌਰ ਪਿੰਡ ਘੁੰਮਣ ਨੇ 88%ਅੰਕ ਪ੍ਰਾਪਤ ਕਰਕੇ ਕੀਤਾ । ਉਹਨਾਂ ਨੇ ਅੱਗੇ ਜਾਣਕਾਰੀ ਦਿੰਦੇ ਦੱਸਿਆ ਕਿ ਸ਼ੈਸ਼ਨ 2025-26 ਵਿਚ 10+2 ਕਲਾਸ ਦੇ 122 ਵਿੱਚੋਂ 48 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ । ਜਦ ਕਿ ਵਿਸ਼ਿਆ ਅਨੁਸਾਰ ਪੰਜਾਬੀ ਵਿਸ਼ੇ ਵਿੱਚੋਂ 100, ਪੇਂਟਿੰਗ ਵਿੱਚੋਂ 100, ਅੰਗਰੇਜ਼ੀ ਵਿੱਚੋਂ 98, ਮਨੋਵਿਗਿਆਨ ਵਿੱਚੋਂ 98, ਬਿਜ਼ਨਿਸ ਸਟੱਡੀ ਵਿੱਚੋਂ 96, ਆਈ ਪੀ ਵਿੱਚੋਂ 96, ਆਈ ਟੀ ਵਿੱਚੋਂ 96, ਅਕਾਉਂਟੈਂਸੀ ਵਿੱਚੋਂ 95, ਜੀਵ ਵਿਗਿਆਨ ਵਿੱਚੋਂ 95, ਭੌਤਿਕ ਵਿਗਿਆਨ ਵਿੱਚੋਂ 95, ਰਾਜਨੀਤੀ ਵਿਗਿਆਨ ਵਿੱਚੋਂ 92, ਰਸਾਇਣ ਵਿਗਿਆਨ ਵਿੱਚੋਂ 91, ਸੰਗੀਤ ਵਿੱਚੋਂ 91, ਸਮਾਜ ਸ਼ਾਸਤਰ ਵਿੱਚੋਂ 91 ਅਤੇ ਇਕਨੌਮਿਕਸ ਵਿੱਚੋਂ 90 ਉੱਚ ਅੰਕ ਪ੍ਰਾਪਤ ਕਰਕੇ ਵਿਦਿਆਰਥੀਆਂ ਨੇ ਆਪਣਾ ਅਤੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ । ਇਸ ਮੌਕੇ ਸਕੂਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ 10+2 ਕਲਾਸ ਦੇ ਸਮੂਹ ਵਿਦਿਆਰਥੀਆਂ ਨੂੰ, ਕਲਾਸ ਇੰਚਾਰਜਾਂ, ਅਧਿਆਪਕਾਂ, ਸਕੂਲ ਪ੍ਰਿੰਸੀਪਲ ਅਤੇ ਡਾਇਰੈਕਟਰ ਸਿੱਖਿਆਂ ਨੂੰ ਸ਼ਾਨਦਾਰ ਨਤੀਜੇ ਲਈ ਹਾਰਦਿਕ ਵਧਾਈਆਂ ਦਿੱਤੀਆਂ ਅਤੇ ਉਹਨਾਂ ਦਾ ਸਨਮਾਨ ਕਰਕੇ ਹੌਂਸਲਾ ਅਫਜਾਈ ਵੀ ਕੀਤੀ ।



**ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ 10+2 ਜਮਾਤ ਵਿਚੋਂ ਕਾਮਰਸ, ਸਾਇੰਸ ਅਤੇ ਆਰਟਸ ਗਰੁੱਪਾਂ ਦੇ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਏ ਸਕੂਲ ਦੇ ਟੌਪਰ ਵਿਦਿਆਰਥੀ**

# ਰਾਸ਼ਟਰੀ ਡੇਂਗੂ ਦਿਵਸ: ਸਾਵਧਾਨੀ ਅਤੇ ਜਾਗਰੂਕਤਾ ਹੀ ਇਸ ਬਿਮਾਰੀ ਦਾ ਅਸਲ ਇਲਾਜ

ਹਰ ਸਾਲ 16 ਮਈ ਨੂੰ ਪੂਰੇ ਭਾਰਤ ਵਿੱਚ ਰਾਸ਼ਟਰੀ ਡੇਂਗੂ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਡੇਂਗੂ ਦੇ ਖ਼ਤਰੇ, ਇਸ ਦੇ ਫੈਲਣ ਦੇ ਕਾਰਨਾਂ ਅਤੇ ਇਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਗਰੂਕ ਕਰਨਾ ਹੈ। ਗਰਮੀ ਅਤੇ ਬਰਸਾਤ ਦੇ ਮੌਸਮ ਦੀ ਸ਼ੁਰੂਆਤ ਦੇ ਨਾਲ ਹੀ ਡੇਂਗੂ ਦਾ ਪ੍ਰਕੋਪ ਵਧਣ ਲੱਗਦਾ ਹੈ। ਜੇਕਰ ਸਮੇਂ ਸਿਰ ਸਾਵਧਾਨੀ ਨਾ ਵਰਤੀ ਜਾਵੇ, ਤਾਂ ਇਹ ਇੱਕ ਸਾਧਾਰਨ ਬੁਖ਼ਾਰ ਤੋਂ ਜਾਨਲੇਵਾ ਬਿਮਾਰੀ ਦਾ ਰੂਪ ਧਾਰਨ ਕਰ ਸਕਦਾ ਹੈ।

### ਡੇਂਗੂ ਕੀ ਹੈ ਅਤੇ ਇਹ ਕਿਵੇਂ ਫੈਲਦਾ ਹੈ?

ਡੇਂਗੂ ਇੱਕ ਵਾਇਰਲ ਬੁਖ਼ਾਰ ਹੈ, ਜੋ ਐਡੀਜ਼ ਇਜਿਪਟੀ ਨਾਮ ਦੇ ਸੰਕਰਮਿਤ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਸ ਮੱਛਰ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜਿਨ੍ਹਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ:

* ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ।
* ਇਹ ਆਮ ਤੌਰ 'ਤੇ ਦਿਨ ਦੇ ਵੇਲੇ (ਖ਼ਾਸ ਕਰਕੇ ਸਵੇਰੇ ਅਤੇ ਸ਼ਾਮ ਨੂੰ) ਕੱਟਦਾ ਹੈ।
* ਇਸ ਦੇ ਸਰੀਰ 'ਤੇ ਚਿੱਟੀਆਂ ਅਤੇ ਕਾਲੀਆਂ ਧਾਰੀਆਂ ਹੁੰਦੀਆਂ ਹਨ, ਜਿਸ ਕਾਰਨ ਇਸ ਨੂੰ ਟਾਈਗਰ ਮਸਕੀਟੋ ਵੀ ਕਿਹਾ ਜਾਂਦਾ ਹੈ।

### ਡੇਂਗੂ ਦੇ ਮੁੱਖ ਲੱਛਣ

ਜਦੋਂ ਇਹ ਮੱਛਰ ਕਿਸੇ ਸਿਹਤਮੰਦ ਵਿਅਕਤੀ ਨੂੰ ਕੱਟਦਾ ਹੈ, ਤਾਂ 3 ਤੋਂ 14 ਦਿਨਾਂ ਦੇ ਅੰਦਰ ਲੱਛਣ ਦਿਖਾਈ ਦੇਣ ਲੱਗਦੇ ਹਨ:

* ਅਚਾਨਕ ਤੇਜ਼ ਬੁਖ਼ਾਰ ਹੋਣਾ।
* ਸਿਰ ਵਿੱਚ ਬਹੁਤ ਜ਼ਿਆਦਾ ਤੇਜ਼ ਦਰਦ ਹੋਣਾ।
* ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਹੋਣਾ।
* ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਅਸਹਿ ਦਰਦ (ਇਸੇ ਲਈ ਇਸਨੂੰ ਹੱਡੀ ਤੋੜ ਬੁਖ਼ਾਰ ਵੀ ਕਿਹਾ ਜਾਂਦਾ ਹੈ)।
* ਸਰੀਰ 'ਤੇ ਲਾਲ ਰੰਗ ਦੇ ਚਕੱਤੇ ਪੈਣਾ।
* ਉਲਟੀਆਂ ਆਉਣੀਆਂ ਜਾਂ ਜੀਅ ਕੱਚਾ ਹੋਣਾ।
* ਗੰਭੀਰ ਸਥਿਤੀ ਵਿੱਚ ਨੱਕ, ਮਸੂੜਿਆਂ ਵਿੱਚੋਂ ਖੂਨ ਆਉਣਾ ਅਤੇ ਪਲੇਟਲੈਟਸ ਦਾ ਤੇਜ਼ੀ ਨਾਲ ਘਟਣਾ।

### ਬਚਾਅ ਦੇ ਸਰਲ ਅਤੇ ਪ੍ਰਭਾਵਸ਼ਾਲੀ ਉਪਾਅ

ਡੇਂਗੂ ਦਾ ਕੋਈ ਖ਼ਾਸ ਐਂਟੀ-ਵਾਇਰਲ ਇਲਾਜ ਨਹੀਂ ਹੈ, ਇਸ ਲਈ ਪਰਹੇਜ਼ ਇਲਾਜ ਨਾਲੋਂ ਚੰਗਾ ਹੈ ਵਾਲੀ ਕਹਾਵਤ ਇੱਥੇ ਪੂਰੀ ਤਰ੍ਹਾਂ ਢੁਕਵੀਂ ਬੈਠਦੀ ਹੈ। ਅਸੀਂ ਆਪਣੇ ਆਲੇ-ਦੁਆਲੇ ਥੋੜ੍ਹੀ ਜਿਹੀ ਸਾਵਧਾਨੀ ਰੱਖ ਕੇ ਇਸ ਤੋਂ ਬਚ ਸਕਦੇ ਹਾਂ:

1. ਪਾਣੀ ਖੜ੍ਹਾ ਨਾ ਹੋਣ ਦਿਓ: ਘਰਾਂ ਦੇ ਅੰਦਰ ਜਾਂ ਆਲੇ-ਦੁਆਲੇ ਕੂਲਰਾਂ, ਗਮਲਿਆਂ, ਪੁਰਾਣੇ ਟਾਇਰਾਂ, ਟੁੱਟੇ ਬਰਤਨਾਂ ਅਤੇ ਫਰਿੱਜਾਂ ਦੀਆਂ ਟ੍ਰੇਆਂ ਵਿੱਚ ਪਾਣੀ ਜਮ੍ਹਾਂ ਨਾ ਹੋਣ ਦਿਓ। ਕੂਲਰਾਂ ਦਾ ਪਾਣੀ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਬਦਲੋ ਅਤੇ ਸੁਕਾਓ (ਹਰ ਸ਼ੁੱਕਰਵਾਰ ਨੂੰ ਡ੍ਰਾਈ ਡੇ ਵਜੋਂ ਮਨਾਇਆ ਜਾ ਸਕਦਾ ਹੈ)।
2. ਪੂਰੇ ਕੱਪੜੇ ਪਹਿਨੋ: ਅਜਿਹੇ ਕੱਪੜੇ ਪਾਓ ਜੋ ਸਰੀਰ ਨੂੰ ਪੂਰੀ ਤਰ੍ਹਾਂ ਢੱਕਣ, ਜਿਵੇਂ ਕਿ ਪੂਰੀਆਂ ਬਾਂਹਾਂ ਵਾਲੀ ਕਮੀਜ਼ ਅਤੇ ਪੈਂਟ।
3. ਮੱਛਰ ਭਜਾਉਣ ਵਾਲੇ ਸਾਧਨਾਂ ਦੀ ਵਰਤੋਂ: ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ। ਦਿਨ ਵੇਲੇ ਮੱਛਰ ਭਜਾਉਣ ਵਾਲੀਆਂ ਕਰੀਮਾਂ, ਕੋਇਲ ਜਾਂ ਲਿਕਵਿਡ ਦੀ ਵਰਤੋਂ ਕੀਤੀ ਜਾ ਸਕਦੀ ਹੈ।
4. ਜਾਲੀਆਂ ਦੀ ਵਰਤੋਂ: ਘਰਾਂ ਦੇ ਦਰਵਾਜ਼ਿਆਂ ਅਤੇ ਖਿੜਕੀਆਂ 'ਤੇ ਬਾਰੀਕ ਜਾਲੀ ਲਗਵਾਓ ਤਾਂ ਜੋ ਮੱਛਰ ਅੰਦਰ ਨਾ ਆ ਸਕਣ।

ਸਿਹਤ ਵਿਭਾਗ ਵੱਲੋਂ ਹਰ ਸਾਲ ਡੇਂਗੂ ਦੇ ਖਾਤਮੇ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਸਿਹਤ ਕਰਮਚਾਰੀ ਘਰ-ਘਰ ਜਾ ਕੇ ਲਾਰਵੇ ਦੀ ਚੈਕਿੰਗ ਕਰਦੇ ਹਨ ਅਤੇ ਲੋਕਾਂ ਨੂੰ ਜਾਗਰੂਕ ਕਰਦੇ ਹਨ। ਪਰ ਇਹ ਲੜਾਈ ਸਿਰਫ਼ ਸਰਕਾਰ ਜਾਂ ਸਿਹਤ ਵਿਭਾਗ ਦੀ ਨਹੀਂ ਹੈ। ਜਦੋਂ ਤੱਕ ਹਰ ਇੱਕ ਨਾਗਰਿਕ ਜ਼ਿੰਮੇਵਾਰੀ ਦਾ ਅਹਿਸਾਸ ਕਰਦਿਆਂ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਫ਼ਾਈ ਨਹੀਂ ਰੱਖੇਗਾ, ਉਦੋਂ ਤੱਕ ਇਸ ਬਿਮਾਰੀ 'ਤੇ ਕਾਬੂ ਪਾਉਣਾ ਮੁਸ਼ਕਿਲ ਹੈ। ਰਾਸ਼ਟਰੀ ਡੇਂਗੂ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਜਾਗਰੂਕਤਾ ਹੀ ਡੇਂਗੂ ਵਿਰੁੱਧ ਸਾਡਾ ਸਭ ਤੋਂ ਵੱਡਾ ਹਥਿਆਰ ਹੈ। ਜੇਕਰ ਕਿਸੇ ਨੂੰ ਵੀ ਬੁਖ਼ਾਰ ਦੇ ਲੱਛਣ ਦਿਖਾਈ ਦੇਣ, ਤਾਂ ਖ਼ੁਦ ਡਾਕਟਰੀ ਕਰਨ ਦੀ ਬਜਾਏ ਤੁਰੰਤ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਵਿੱਚ ਜਾ ਕੇ ਮੁਫ਼ਤ ਟੈਸਟ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ। ਆਓ, ਇਸ ਡੇਂਗੂ ਦਿਵਸ 'ਤੇ ਪ੍ਰਣ ਕਰੀਏ ਕਿ ਅਸੀਂ ਆਪਣੇ ਆਲੇ-ਦੁਆਲੇ ਮੱਛਰਾਂ ਨੂੰ ਪੈਦਾ ਨਹੀਂ ਹੋਣ ਦਿਆਂਗੇ ਅਤੇ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਵਾਂਗੇ।



**ਚਾਨਣਦੀਪ ਸਿੰਘ ਔਲਖ,**
**ਪਿੰਡ ਗੁਰਨੇ ਖ਼ੁਰਦ**
**(ਮਾਨਸਾ), ਸੰਪਰਕ**
**9876888177**

# “ਭਾਰਤ ਦਾ ਸੰਵਿਧਾਨ: ਇੱਕ ਕਾਨੂੰਨੀ-ਵਿਗਿਆਨਕ ਵਿਸ਼ਲੇਸ਼ਣ” ਡਾ. ਇੰਦਰਜੀਤ ਕੁਮਾਰ ਕਜਲਾ ਦੀ ਵਿਲੱਖਣ ਕੋਸ਼ਿਸ਼ ਦਾ ਨਤੀਜਾ ਹੈ ਜੋ ਸੰਵਿਧਾਨ ਸਮਝਣ ਵਿੱਚ ਆਮ-ਪਾਠਕਾਂ ਲਈ ਵਰਦਾਨ ਸਾਬਤ ਹੋਵੇਗੀ: ਡਾ. ਵਰਿੰਦਰ ਸਿੰਘ

**ਬੰਗਾ( ਚਰਨਜੀਤ ਸੱਲ੍ਹਾ )** ਸੰਵਿਧਾਨ ਭਾਵ ਕਿ ਦੇਸ਼ ਨੂੰ ਚਲਾਉਣ ਦਾ ਕਾਨੂੰਨ, ਜਿਸ ਦੇ ਅਨੁਸਾਰ ਦੇਸ਼ ਵਿੱਚ ਵਿਧਾਨਪਾਲਿਕਾ, ਕਾਰ-ਜਪਲਿਕਾ ਅਤੇ ਨਿਆਂਪਾਲਿਕ ਕੰਮ ਕਰਦੀ ਹੈ। ਜਿਸ ਨੇ ਦੇਸ਼ ਦੇ ਅੰਦਰ ਰਹਿੰਦੇ ਲੋਕਾਂ ਸੁਖਾਲਾ ਜੀਵਨ ਜੀਉਣ ਲਈ ਸਹੂਲਤਾਂ ਪ੍ਰਦਾਨ ਕਰਨੀਆਂ ਹੁੰਦੀਆਂ ਨੇ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇੱਕ ਸੰਵਿਧਾਨ ਹੀ ਹੁੰਦਾ ਹੈ ਜੋ ਕਿਸੇ ਵੀ ਦੇਸ਼ ਦੀ ਪ੍ਰਣਾਲੀ ਨੂੰ ਚਲਾਉਂਦਾ ਹੈ, ਖਾਸ ਕਰਕੇ ਲੋਕਤੰਤਰੀ ਦੇ ਵਿੱਚ ਤਾਂ ਸੰਵਿਧਾਨ ਹੀ ਸਭ ਕੁਝ ਹੁੰਦਾ ਹੈ। ਪਰ ਜਿੱਥੇ ਰਾਜਤੰਤਰ ਹੁੰਦਾ ਹੈ, ਉੱਥੇ ਸੰਵਿਧਾਨ ਦੀ ਕੋਈ ਖਾਸ ਮਹੱਤਵਤਾ ਨਹੀ ਹੁੰਦੀ ਕਿਉਂਕਿ ਉੱਥੇ ਰਾਜੇ ਦਾ ਕਿਹਾ ਹੀ ਸਰਵ ਉੱਚ ਕਾਨੂੰਨ ਹੁੰਦਾ ਹੈ। ਭਾਰਤ ਇੱਕ ਗਣਤੰਤਾਰਕ ਅਤੇ ਲੋਕਤੰਤਰਕ ਦੇਸ਼ ਹੈ, ਜਿਸ ਵਿੱਚ ਸੰਵਿਧਾਨ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਇਸ ਕਰਕੇ ਚੰਗੇ ਲੋਕਤੰਤਰ ਵਿੱਚ ਲੋਕ ਸੰਵਿਧਾਨ ਪ੍ਰਤੀ ਬਹੁਤ ਸੁਚੇਤ ਰਹਿੰਦੇ। ਪਰ ਭਾਰਤ ਦੇ ਲੋਕਾਂ ਦੀ ਅਗਿਆਨਤਾ, ਅਨਪੜ੍ਹਤਾ, ਗਰੀਬੀ ਅਤੇ ਗ਼ੈਰ-ਜ਼ਿੰਮੇਵਾਰ ਸੁਭਾਅ ਕਾਰਨ, ਉਹਨਾਂ ਵਿੱਚ ਸੰਵਿਧਾਨ ਪ੍ਰਤੀ ਚੇਤੰਨਤਾ ਦੀ ਬਹੁਤ ਵੱਡੀ ਘਾਟ ਹੈ।

ਡਾ. ਇੰਦਰਜੀਤ ਕੁਮਾਰ ਨੂੰ ਬਹੁਤ ਸਾਰੇ ਲੋਕ ਜਾਣਦੇ ਹਨ, ਕੁਝ ਲੋਕਾਂ ਨੇ ਸਟੇਜਾਂ ਅਤੇ ਟੀ.ਬੀ. ਚੈਨਲਾਂ ’ਤੇ ਬੋਲਦੇ ਜਾਂ ਆਪਣੇ ਵਿਚਾਰ ਪੇਸ਼ ਕਰਦੇ ਦੇਖਿਆ ਹੋਵੇਗਾ। ਕੁਝ ਉਸਨੂੰ ਇੱਕ ਲੇਖਕ ਵਜੋਂ ਵੀ ਜਾਣਦੇ ਹਨ। ਉਸ ਦੁਆਰਾ ਅਨੁਵਾਦ ਕੀਤਾ ਗਿਆ ‘ਭਾਰਤੀ ਸੰਵਿਧਾਨ’ ਸ਼ਾਇਦ ਹੀ ਪੰਜਾਬੀ ਦੇ ਕਿਸੇ ਪਾਠਕ ਨੇ ਨਾ ਦੇਖਿਆ ਹੋਵੇ। ਅੰਬੇਡਕਰੀ ਦੁਨੀਆਂ ਵਿੱਚ ਡਾ. ਇੰਦਰਜੀਤ ‘ਕਜਲਾ’ ਨੂੰ ਲਗਪਗ ਸਾਰੇ ਲੋਕ ਹੀ ਜਾਣਦੇ ਹਨ। ਕਿਉਂਕਿ ਹੁਣ ਤੱਕ ਭਾਰਤੀ ਸੰਵਿਧਾਨ ਦੇ ਅਨੁਵਾਦ ਤੋਂ ਲੈ ਕੇ ਇਸ ਮੌਜੂਦਾ ਕਿਤਾਬ ਨੂੰ ਮਿਲਾਕੇ, ਉਸ ਨੇ ਕੁੱਲ 6 ਕਿਤਾਬਾਂ ਸਮਾਜ ਦੀ ਬਿਹਤਰੀ ਲਈ ਦਿੱਤੀਆਂ ਹਨ। ਕਿਉਂਕਿ ਸਭ ਕਿਤਾਬਾਂ ਚੰਗੇ ਸਮਾਜ ਦੇ ਨਿਮਾਣ ਕਰਨ ਦੇ ਉਦੇਸ਼ ਲਈ ਹੀ ਲਿਖੀਆਂ ਗਈਆਂ ਹਨ।

ਨਵੀਂ ਕਿਤਾਬ ਜਿਸ ਦਾ ਨਾਂ ਉਸਨੇ ‘ਭਾਰਤ ਦਾ ਸੰਵਿਧਾਨ: ਇੱਕ ਕਾਨੂੰਨੀ-ਵਿਗਿਆਨਕ ਵਿਸ਼ਲੇਸ਼ਣ (ਭਾਗ-1) ਰੱਖਿਆ ਹੈ। ਨਾਂਅ ਤੋਂ ਹੀ ਇਹ ਸਾਫ਼ ਹੈ ਕਿ ਇਸ ਕਿਤਾਬ ਵਿਸ਼ਾ-ਵਸਤੂ ਵੀ ਭਾਰਤ ਦੇ ਸੰਵਿਧਾਨ ਅਤੇ ਉਸਦੇ ਆਰਟੀਕਲਾਂ ਦੇ ਆਲੇ-ਦੁਆਲੇ ਹੀ ਘੁੰਮੇਗਾ। ਇਹ ਸੰਵਿਧਾਨ ਦੀ ਵਿਆਖਿਆ ਦੀ ਲੜੀ ਤਹਿਤ ਇਹ ਪਹਿਲਾ ਭਾਗ ਹੈ, ਜਿਸ ਵਿੱਚ ਉਸਨੇ ਸੰਵਿਧਾਨ ਦੀ ਪ੍ਰਸਤਾਵਨਾ, ਸੰਘ ਅਤੇ ਉਸਦੀ ਸੀਮਾ (ਭਾਗ-1) ਇਸ ਦੇ ਨਾਲ ਹੀ ਨਾਗਰਿਕਤਾ (ਭਾਗ-2) ਦੇ ਵਾਰੇ ਹੀ ਕਾਨੂੰਨੀ-ਵਿਸ਼ਲੇਸ਼ਣ ਕੀਤਾ ਹੈ। ਇੱਥੇ ਇਹ ਵੀ ਯਾਦ ਰੱਖਣਾ ਜਰੂਰੀ ਹੈ ਕਿ ਡਾ. ਅੰਬੇਡਕਰ ਸਾਹਿਬ ਨੂੰ ਜਦੋਂ ਇਹ ਕਿਹਾ ਗਿਆ ਕਿ ਕੀ ਤੁਸੀਂ ਸੰਵਿਧਾਨ ਦੀ ਵਿਆਖਿਆ ਕਰੋ? ਤਾਂ ਕਿ ਲੋਕ ਸੰਵਿਧਾਨ ਨੂੰ ਸਮਝ ਸਕਣ। ਉਸ ਵਾਰੇ ਡਾ. ਅੰਬੇਡਕਰ ਜੀ ਨੇ ਕਿਹਾ ਕਿ ਸੰਵਿਧਾਨ ਬੁਹਤ ਜੀ ਸਰਲ ਹੈ, ਜਿਸ ਨੂੰ ਵੀ ਅੰਗਰੇਜੀ ਭਾਸ਼ਾ ਦਾ ਗਿਆਨ ਹੈ ਉਸ ਇਸ ਨੂੰ ਬਹੁਤ ਹੀ ਅਰਾਮ ਨਾਮ ਸਮਝ ਸਕਦਾ ਹੈ। ਪਰ ਸਮੱਸਿਆ ਇਹ ਹੈ ਭਾਰਤ ਦੇ ਬੁਹ-ਗਿਣਤੀ ਲੋਕਾਂ ਦੀ ਮਾਤਰ ਭਾਸ਼ਾ ਅੰਗਰੇਜੀ ਨਹੀਂ ਹੈ। ਇਸ ਸੰਵਿਧਾਨ ਨੂੰ ਆਮ ਭਾਸ਼ਾ ਵਿੱਚ ਲੈ ਜਾਣਾ ਅਸਾਨ ਨਹੀਂ ਹੈ। ਸੰਵਿਧਾਨ ਇੱਕ ਹੀ ਪੇਚੀਦਾ ਵਿਸ਼ਾ ਹੈ। ਕਹਿਣ ਦਾ ਭਾਵ ਇਹ ਹੈ ਭਾਰਤ ਦਾ ਸੰਵਿਧਾਨ ਹਰ ਇਕ ਦਿਨ ਹੀ ਨਵੀਂ ਵਿਆਖਿਆ ਦੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਜੋ ਅੱਜ ਭਾਰਤ ਦੀ ਸੁਪਰੀਮ ਕੋਰਟ ਕਹਿ ਰਹੀ ਹੈ, ਉਸ ਨੂੰ ਉਸੇ ਸੁਪਰੀਮ ਕੋਰਟ ਦੁਆਰਾ ਨਵੇਂ ਅਰਥਾਂ ਦੇ ਨਾਲ ਮੁੜ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ। ਆਪਣੇ ਪੁਰਾਣੇ ਫੈਸਲਿਆਂ ਨੂੰ ਪਲਟਿਆ ਜਾ ਰਿਹਾ ਹੈ। ਵੈਸੇ ਇਹ ਚਿੰਤਾ ਦਾ ਵਿਸ਼ਾ ਨਹੀਂ ਹੈ ਕਿਉਂਕਿ ਭਾਰਤ ਦਾ ਸੰਵਿਧਾਨ ਜੀਵੰਤ ਸੰਵਿਧਾਨ (Liivng Constitution) ਹੈ। ਇਹ ਆਪਣੇ ਆਪ ਨੂੰ ਸਮੇਂ ਅਤੇ ਹਾਲਾਤਾਂ ਅਨੁਸਾਰ ਬਦਲ ਦੀ ਸੱਮਰਥਾ ਰੱਖਦਾ ਹੈ। ਇਸ ਕਿਤਾਬ ਦੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਕਾਨੂੰਨੀ ਪੱਖ ਨੂੰ ਿਵਗਿਆਨ ਲਹਿਜੇ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਕਿਤਾਬ ਦੀ ਸ਼ੁਰੂਆਤ ਵਿੱਚ ਹੀ ਲੇਖਕ ਨੇ ਪ੍ਰਸਤਾਵਨਾ ਦੇ ਵਾਰੇ ਵਿਸਥਾਰ ਜਾਣਕਾਰੀ ਦਿੱਤੀ। ਇਹ ਸਾਰੀ ਜਾਣਕਾਰੀ ਬਹੁਤ ਘੱਟ ਲੇਖਕਾਂ ਨੇ ਦਿੱਤੀ ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਭਾਸ਼ਾ ਵਿੱਚ ਕਿਸੇ ਵੀ ਲੇਖਕ ਨੇ ਅੱਜ ਤੱਕ ਇਸ ਤਰ੍ਹਾਂ ਦੀ ਜਾਣਕਾਰੀ ਆਪਣੀਆਂ ਕਿਤਾਬਾਂ ਵਿੱਚ ਨਹੀਂ ਦਿੱਤੀ ਪ੍ਰਸਤਾਵਨਾ ਵਾਰੇ ਉਸ ਦੇ ਪਿਛੋਕੜ ਵਾਰੇ ਲੇਖਕ ਨੇ ਡੂੰਘਾ ਿਵਗਿਆਨਕ ਅਧਿਐਨ ਕੀਤਾ ਹੈ। ਇਸੇ ਤਰ੍ਹਾਂ ਡਾ. ਕੁਮਾਰ ਨੇ ਸੰਵਿਧਾਨ ਦੇ ਭਾਗ-1 ਵਿੱਚ ਦਰਜ ‘ਸੰਘ ਅਤੇ ਉਸਦੀ ਸੀਮਾ’ ਵਾਰੇ ਪਾਠਕਾਂ ਨੂੰ ਸਮਝਾਉਣ ਦੀ ਬਾਕਮਾਲ ਢੰਗ ਨਾਲ ਪੇਸ਼ ਕੀਤਾ ਹੈ। ਇਸ ਵਿੱਚ ਲੇਖਕ ਨੇ ਸੰਘੀ ਸ਼ਾਸ਼ਤ ਪ੍ਰਦੇਸ਼ਾਂ ਤੇ ਰਾਜਾਂ ਦੀ ਬਣਤਰ ਬਾਰੇ ਪਾਠਕਾਂ ਨੂੰ ਵਿਸਥਾਰ ਨੂੰ ਸਮਝਾਇਆ ਹੈ। ਲੇਖਕ ਆਪਣੀ ਤੱਰਕ ਅਤੇ ਕਾਨੂੰਨੀ ਗਿਆਨ ਦੇ ਅਧਾਰ ’ਤੇ ਇਹ ਲਿਖਦਾ ਕਿ ਕਿਸ ਤਰ੍ਹਾ ਕੇਂਦਰ ਸਰਕਾਰ ਨੇ ਭਾਗ-1 ਵਿੱਚ ਮਿਲੇ ਅਧਿਕਾਰਾਂ ਦੀ ਵਰਤੋਂ ਕਰਕੇ ਰਾਜਾਂ ਦੀ ਸਥਿਤੀ ਨੂੰ ਕਮਜੋਰ ਕੀਤਾ ਹੈ। ਇਸ ਭਾਗ ਦਾ ਇਸਤੇਮਾਲ ਰਾਜਾਂ ਦੇ ਵਿਰੁੱਧ ਕੀਤਾ ਹੈ, ਜੋ ਕਿ ਆਉਣ ਵਾਲੇ ਸਮੇਂ ਰਾਜਾਂ ਦੀ ਹੋਂਦ ਲਈ ਬਹੁਤ ਵੱਡਾ ਖ਼ਤਰਾ ਅਤੇ ਚਿੰਤਾ ਦਾ ਵਿਸ਼ਾ ਹੈ।

ਨਾਗਰਿਤਾ ਜੋ ਕਿ ਹਰ ਵਿਅਕਤੀ ਲਈ ਬਹੁਤ ਅਹਿਮ ਹੁੰਦੀ ਹੈ ਕਿਉਂਕਿ ਬਹੁਤ ਸਾਰੇ ਅਧਿਕਾਰ ਉਸ ਦੀ ਨਾਗਰਿਕਤਾ ਨਾਲ ਜੁੜੇ ਹੁੰਦੇ ਹਨ। ਇਸ ਕੋਈ ਵੀ ਵਿਅਕਤੀ ਕਿਸ ਢੰਗ ਨਾਲ ਪ੍ਰਾਪਤ ਜਾਂ ਗੁਆ ਸਕਦਾ ਇਹ ਜਾਣਕਾਰੀ ਹਰ ਇੱਕ ਲਈ ਬਹੁਤ ਮਹੱਤਵਪੂਰਨ ਹੈ। ਅੰਤ ਵਿੱਚ ਇਹ ਕਹਿ ਸਕਦਾ ਹਾਂ ਕਿ ਇਹ ਗਾਗਰ ਵਿੱਚ ਸਾਗਰ ਭਰਨ ਵਾਲੀ ਗੱਲ ਹੈ। ਸੋ ਪਾਠਕ ਨੂੰ ਮੇਰੀ ਆਪੀਲ ਹੈ ਕਿ ਉਹ ਇਸ ਕਿਤਾਬ ਨੂੰ ਪੜ੍ਹਨ ਤੋਂ ਬਆਦ ਦੂਸਰਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨ ਅਤੇ ਇਸ ਤੋਂ ਪ੍ਰਾਪਤ ਗਿਆਨ ਨੂੰ ਸਮਾਜ ਵਿਚ ਫੈਲਾਉਣ ਤਾਂ ਕਿ ਸੰਵਿਧਾਨ ਸਬੰਧੀ ਆਮ ਲੋਕਾਂ ਵਿੱਚ ਜਾਗਿਰੂਤਾ ਫੈਲ ਸਕੇ। ਮੈਂ ਇਸ ਕਿਤਾਬ ਨੂੰ ਖੁਸ਼ਾਮਦੀਦ ਕਹਿੰਦਾ ਹੋਇਆ ਇਸ ਕਿਤਾਬ ਨੂੰ ਲਿਖਣ ’ਤੇ ਡਾ. ਇੰਦਰਜੀਤ ਕੁਮਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਇਸ ਕਿਤਾਬ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ।




**ਡਾ. ਵਰਿੰਦਰ ਸਿੰਘ,**
**ਐਸੋਸ਼ੀਏਟ ਪ੍ਰੋਫੈਸਰ ਅਤੇ ਮੁੱਖੀ ਕਾਨੂੰਨ ਵਿਭਾਗ,**
**ਖੇਤਰੀ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ,**
**ਜਲੰਧਰ, ਪੰਜਾਬ**
**ਮੋਬਾਇਲ: 98154-15009**

# ਕੇਸੀ ਸਕੂਲ ਦਾ ਪਲੱਸ ਟੂ ਦਾ ਨਤੀਜਾ ਰਿਹਾ ਸ਼ਾਨਦਾਰ

**ਨਵਾਂਸ਼ਹਿਰ, 15 ਮਈ,(ਜਤਿੰਦਰ ਪਾਲ ਸਿੰਘ ਕਲੇਰ )** ਕਰਿਆਮ ਰੋਡ ’ਤੇ ਸੱਥਿਤ ਕੇਸੀ ਪਬਲਿਕ ਸਕੂਲ ਦਾ ਸੀਬੀਐਸਈ ਵਲੋਂ 2025-26 ਦਾ ਪਲੱਸ ਟੂ ਨਤੀਜਾ ਇਸ ਸਾਲ ਵੀ ਸ਼ਾਨਦਾਰ ਰਿਹਾ ਹੈ। ਸਾਰੇ 48 ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕੀਤ ਹਨੇ, ਜਿਸ ਨਾਲ ਸਕੂਲ ਅਤੇ ਉਨ੍ਹਾਂ ਦੇ ਮਾਪਿਆਂ ਦਾ ਨਾਮ ਰੌਸ਼ਨ ਹੋਇਆ। ਸੀਈਓ (ਗਰੁੱਪ ਕੈਪਟਨ) ਅਸ਼ਵਨੀ ਦੱਤਾ ਅਤੇ ਪ੍ਰਿੰਸੀਪਲ ਰੰਜਨਾ ਖੰਨਾ ਨੇ ਦੱਸਿਆ ਕਿ ਹਰਸ਼ ਦੀਪ ਕੌਰ ਨੇ ਕਾੱਮਰਸ ਵਿਭਾਗ ’ਚ 95 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਮੁਸਕਾਨ ਪ੍ਰੀਤ ਕੌਰ ਨੇ 82 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਸਥਾਨ ਅਤੇ ਪ੍ਰੀਤਿਕਾ ਨੇ 80 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ’ਚ ਸੁਖਮਨਪ੍ਰੀਤ ਕੌਰ ਨੇ 93 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ, ਸਿੰਘ ਜੈਸਮੀਨ ਨੇ 87 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਅਤੇ ਸਹਿਜਪ੍ਰੀਤ ਨੇ 84 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਸਾਇੰਸ ਵਿਭਾਗ ’ਚ ਯੁਵਰਾਜ ਨੇ 86 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ, ਕਰਮਪ੍ਰੀਤ ਨੇ 84 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਅਤੇ ਜਸਲੀਨ ਨੇ 83 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕੇਸੀ ਗਰੁੱਪ ਦੇ ਚੇਅਰਮੈਨ ਪ੍ਰੇਮ ਪਾਲ ਗਾਂਧੀ, ਸੀਈਓ ਅਸ਼ਵਨੀ ਦੱਤਾ, ਪ੍ਰਿੰਸੀਪਲ ਰੰਜਨਾ ਖੰਨਾ, ਸਟੇਨਫੋਰਡ ਸਕੂਲ ਮੁਖੀ ਆਸ਼ੂ ਸ਼ਰਮਾ, ਹੈੱਡਮਾਸਟਰ ਗੁਰਪ੍ਰੀਤ ਸਿੰਘ, ਸੀਬੀਐਸਈ ਕੋਆਰਡੀਨੇਟਰ ਮੋਨਿਕਾ ਸ਼ਰਮਾ ਅਤੇ ਸਕੂਲ ਸਟਾਫ਼ ਨੇ ਇਨ੍ਹਾਂ ਸਾਰੇ ਹੋਣਹਾਰ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਇਨ੍ਹਾਂ ਵਿਦਿਆਰਥੀਆਂ ’ਤੇ ਮਾਣ ਹੈ ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਆਪਣਾ ਅਤੇ ਆਪਣੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।







# ਭਾਰਤ ਦਾ ਸਫ਼ਰ ਬਹੁਤ ਯਾਦਗਾਰ ਸਫ਼ਰ ਰਿਹਾ -ਪ੍ਰਿਆ ਅੰਬੇਦਕਰ

**ਬੰਗਾ (ਚਰਨਜੀਤ ਸੱਲ੍ਹਾ )** ਅੱਜ ਮੈਂ ਇੰਗਲੈਂਡ ਪਹੁੰਚ ਗਈ ਹਾਂ ਲ ਭਾਰਤ ਦਾ ਸਫ਼ਰ ਬਹੁਤ ਯਾਦਗਾਰ ਸਫ਼ਰ ਰਿਹਾ ਕਿਉਂਕਿ ਤੁਸੀਂ ਸਭ ਨੇ ਮਿਲ ਕੇ ਮੇਰਾ ਸਫ਼ਰ ਯਾਦਗਾਰ ਬਣਾਇਆ ਲ ਮੈਂ ਬਹੁਜਨ ਸਮਾਜ ਚ ਵਿਚਾਰੀ ਤੇ ਬਹੁਤ ਸਾਰੀਆ ਯਾਦਾਂ ਕੱਠੀਆਂ ਕਰਕੇ ਦਿਲ ਦੀ ਸੰਦੂਕੜੀ ਚ ਰੱਖ ਕੇ ਲੈ ਆਈ ਲ ਇਹ ਯਾਦਾਂ ਅਮਿੱਟ ਹਨ ਇਹ ਪਿਆਰ ਬਹੁਮੁੱਲਾਂ ਹੈ ਲ ਸਾਰੇ ਹੀ ਸਾਥੀਆਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਜਿੰਨਾ ਨੇ ਮੇਰੇ ਗਿਆਨ ਨੂੰ ਸਰਾਹਿਆ ਤੇ ਮੈਂਨੂੰ ਵੱਖ-ਵੱਖ ਪਿੰਡਾਂ/ ਸ਼ਹਿਰਾਂ, ਸਟੇਟਾਂ , ਜ਼ਿਲਿਆ ਵਿਚ ਬੁਲਾ ਕੇ ਮੇਰਾ ਭਰਵਾਂ ਸਵਾਗਤ ਕੀਤਾ ਲ ਜਿਸ ਤੋਂ ਮੈਂਨੂੰ ਮੇਰੇ ਗਿਆਨ ਦਾ ਮੁੱਲ ਪੈਂਦਾ ਦਿਖਾਈ ਦੇਣ ਲੱਗਾ । ਬਹੁਜਨ ਸਮਾਜ ਨੇ ਜਿਦਾ ਮੈਂਨੂੰ ਸਿਰ ਉੱਤੇ ਬਿਠਾਇਆ ਸ਼ਾਇਦ ਹੀ ਅੱਜ ਤੱਕ ਇੰਨਾ ਸਨਮਾਨ ਕਿਸੇ ਹੋਰ ਨੂੰ ਮਿਲਿਆ ਹੋਵੇਗਾ ਲ ਮੈਂ ਇਥੇ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਮ ਲੈ ਕੇ ਧੰਨਵਾਦ ਨਹੀਂ ਕਰਨਾ ਚਾਹੁੰਦੀ ਕਿਉਂਕਿ ਮੇਰੇ ਲਈ ਸਾਰੇ ਸਾਥੀ ਸਨਮਾਨਯੋਗ ਹਨ ਲ ਤੁਹਾਡੀ ਦਿੱਤੀ ਹੌਂਸਲਾਂ ਅਫ਼ਜ਼ਾਈ ਹੀ ਮੈਂਨੂੰ ਅਗਾਂਹ ਕਿਤਾਬਾਂ ਪੜ੍ਹ ਕੇ ਨਵੀਆਂ ਜਾਣਕਾਰੀਆਂ ਇਕੱਠੀਆਂ ਕਰਨ ਦੀ ਹਿੰਮਤ ਦਿੰਦੀ ਹੈ ਲ ਮੈਂ ਆਪਣੇ ਪਿਆਰੇ ਕਰੀਬੀ ਦੋਸਤਾਂ ਦਾ ਵੀ ਧੰਨਵਾਦ ਕਰਦੀ ਹਾਂ ਜੋ ਮੇਰੀ ਇੱਕ ਕਾਲ ਉੱਤੇ ਹਾਜ਼ਰ ਹੋ ਜਾਂਦੇ ਸੀ ਤੇ ਮੇਰੇ ਉਤੋਂ ਜਾਨ ਵਾਰਦੇ ਸੀ ਲ ਤੁਸੀਂ ਮਨ ਥੋੜਾ ਨਹੀਂ ਕਰਨਾ ਆਪਾਂ ਦੁਬਾਰਾ ਮਿਲਾਂਗੇ ।





ਮੈਂ ਆਪਣੇ ਸਮਾਜ ਲਈ ਹਰ ਵਕਤ ਤਿਆਰ ਹਾਂ,,, ਜੇ ਮੈਂਨੂੰ ਹੁਣ ਵੀ ਆਵਾਜ਼ ਮਾਰੂਗੇ ਤਦ ਵੀ ਮੈਂ ਝੱਟ ਆਵਾਗੀ ਕਿਉਂਕਿ ਅਸੀਂ ਰਹਿੰਦੇ ਬੇਸ਼ਕ ਵਿਦੇਸ਼ਾਂ ਚ ਹਾਂ ਪਰ ਸਾਡੀਆਂ ਜੜ੍ਹਾਂ ਭਾਰਤ ਵਿਚ ਹੀ ਹਨ ਲ ਮੈਂ ਬਸ ਮਿਸ਼ਨ ਚ ਆਉਣ ਲੱਗੀ ਨੇ ਖ਼ੁਦ ਨਾਲ ਇੱਕ ਹੀ ਸੰਕਲਪ ਲਿਆ ਸੀ ਕੇ ਮੇਰਾ ਨਾਮ ਕਦੇ ਗੱਦਾਰਾਂ ਦੀ ਲਿਸਟ ਚ ਨੀ ਆਊਗਾ. ..ਕਦੀ ਓਹਨਾ ਲੋਕਾਂ ਚ ਨਹੀਂ ਆਊਗਾ ਜਿਨ੍ਹਾਂ ਨੂੰ ਡਾ. ਅੰਬੇਡਕਰ ਨੇ ਕਿਹਾ ਸੀ ਕੇ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿੱਤਾ ਲ ਜਿਸ ਕੰਮ ਲਈ ਮੈਂ ਭਾਰਤ ਆਈ ਸੀ ਉਹ ਕੰਮ ਮੈਂ ਬਖ਼ੂਬੀ ਰਾਤ ਦਿਨ ਇੱਕ ਕਰਕੇ ਸਮਾਜ ਚ ਵਿਚਾਰ ਕੇ ਨਪੇਰੇ ਚਾੜ੍ਹਿਆ, ਇਸ ਗੱਲ ਦੀ ਬਹੁਤ ਖੁਸ਼ੀ ਹੈ ਮਨ ਨੂੰ।ਕੁਦਰਤ ਮੇਰੇ ਬਹੁਜਨ ਸਮਾਜ ਉੱਤੇ ਮਿਹਰਾ ਭਰਿਆ ਹੱਥ ਰੱਖੇ ਤੇ ਬਹੁਜਨ ਸਮਾਜ ਪਾਰਟੀ ਦੀ ਤਰੱਕੀ ਦੀ ਕਾਮਨਾ ਕਰਦੀ ਹਾਂ।

**ਜੈ ਭੀਮ ਜੈ ਭਾਰਤ**
**ਨਮੋ ਬੁੱਧਾਏ**
**ਪ੍ਰਿਆ ਅੰਬੇਦਕਰ**

# ਪ੍ਰਵਾਸੀ ਭਾਰਤੀ ਵੱਲੋਂ ਸਰਕਾਰੀ ਸਕੂਲ ਸਰਹਾਲ ਕਾਜ਼ੀਆਂ ਨੂੰ ਵਾਟਰ ਕੂਲਰ ਭੇਂਟ

**ਚੌਧਰੀ ਮੀਨਾ ਸੂੰਢ ਨੇ ਕੀਤਾ ਬੱਚਿਆਂ ਨੂੰ ਸਮਰਪਿਤ**

**ਬੰਗਾ( ਚਰਨਜੀਤ ਸੱਲ੍ਹਾ )** ਪ੍ਰਵਾਸੀ ਭਾਰਤੀ ਪਾਲ ਰਾਮ ਮਹਿਮੀ ਯੂਐਸਏ ਪਰਿਵਾਰ ਵਲੋਂ ਸਰਕਾਰੀ ਪ੍ਰਾਈਮਰੀ ਸਕੂਲ ਸਰਹਾਲ ਕਾਜ਼ੀਆਂ ਨੂੰ ਵਾਟਰ ਕੂਲਰ ਭੇਂਟ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਐਚਟੀ ਰਜਿੰਦਰ ਕੁਮਾਰ ਮਜਾਰੀ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਸਰਹਾਲ ਕਾਜ਼ੀਆਂ ਵਿੱਚ ਪਹਿਲਾਂ ਲੱਗਾ ਹੋਇਆ ਪਾਣੀ ਵਾਲਾ ਕੂਲਰ ਪਿਛਲੇ ਸਮੇਂ ਤੋਂ ਖਰਾਬ ਚੱਲ ਰਿਹਾ ਸੀ। ਸਾਡੀ ਇਸ ਮੁਸ਼ਕਿਲ ਨੂੰ ਮਹਿਮੀ ਪਰਿਵਾਰ ਯੂਐਸਏ ਵੱਲੋਂ ਮੰਨਦੇ ਹੋਏ 80 ਲੀਟਰ ਵਾਲਾ ਬਾਟਰ ਕੂਲਰ ਸਕੂਲ ਨੂੰ ਉਹਨਾਂ ਦੇ ਸਪੁੱਤਰ ਅਵਤਾਰ ਰਾਮ ਮਹਿਮੀ ਵੱਲੋਂ ਭੇਂਟ ਕੀਤਾ ਗਿਆ। ਇਹ ਪਰਿਵਾਰ ਪਿਛਲੇ ਲੰਬੇ ਸਮੇਂ ਤੋਂ ਸਕੂਲ ਵਿੱਚ ਸੇਵਾ ਕਰਦਾ ਆ ਰਿਹਾ ਹੈ। ਅੱਜ ਇਹ ਵਾਟਰ ਕੂਲਰ ਸਕੂਲ ਨੂੰ ਦਾਨ ਕੀਤਾ ਗਿਆ ਹੈ ਜਿਸ ਨੂੰ ਹਲਕਾ ਇੰਚਾਰਜ ਕਾਂਗਰਸ ਚੌਧਰੀ ਮੀਨਾ ਸੂੰਢ ਵੱਲੋਂ ਬੱਚਿਆਂ ਨੂੰ ਸਮਰਪਿਤ ਕੀਤਾ। ਸੀਐਚਟੀ ਵੱਲੋਂ ਮਹਿਮੀ ਪਰਿਵਾਰ ਤੇ ਚੌਧਰੀ ਮੀਨਾ ਸੂੰਢ ਹਲਕਾ ਇੰਚਾਰਜ ਕਾਂਗਰਸ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੌਧਰੀ ਮੀਨਾ ਸੂੰਢ ਵੱਲੋਂ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕਾਂਗਰਸ ਦੀ ਸਰਕਾਰ ਆਉਣ ਤੇ ਹਰ ਸਕੂਲ ਵਿੱਚ ਅਧਿਆਪਕ ਪੂਰੇ ਕੀਤੇ ਜਾਣਗੇ ਅਤੇ ਇਨਫਰਾਸਟਰਕਚਰ ਨੂੰ ਕੰਪਲੀਟ ਕੀਤਾ ਜਾਏਗਾ ਤੇ ਬੱਚਿਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਉਹਨਾਂ ਆਪ ਸਰਕਾਰ ਵੱਲੋਂ ਅਧਿਆਪਕਾਂ ਦਾ ਡੀਏ ਨਾਲ ਰਿਲੀਜ਼ ਕਰਨ ਦੀ ਵੀ ਨਿਖੇਧੀ ਕੀਤੀ। ਇਸ ਮੌਕੇ ਚੌਧਰੀ ਮੀਨਾ ਸੂੰਢ ਹਲਕਾ ਇੰਚਾਰਜ ਕਾਂਗਰਸ, ਉਪ ਜਿਲ੍ਹਾ ਪ੍ਰਧਾਨ ਡਾ ਨਿਰੰਜਨ ਪਾਲ ਸੇਵਾ ਮੁਕਤ ਐਸਐਮਓ, ਰਾਮਦਾਸ ਬਲਾਕ ਪ੍ਰਧਾਨ ਔੜ, ਡਾ ਸ਼ਾਦੀ ਲਾਲ, ਸੁਰਜੀਤ ਸੈਂਪਲੇ, ਸੀਐਚਟੀ ਰਜਿੰਦਰ ਕੁਮਾਰ ਮਜਾਰੀ, ਅਵਤਾਰ ਰਾਮ ਮਹਿਮੀ,ਭੁਪਿੰਦਰ ਸਿੰਘ, ਮਧੂ ਸੂਦਨ, ਚਮਨ ਲਾਲ, ਡਾ ਤਰਸੇਮ ਲਾਲ, ਸੁਖ਼ਵਿੰਦਰ ਕੁਮਾਰ, ਚਮਨ ਲਾਲ, ਸੁਰਜੀਤ ਪਹਿਲਵਾਨ, ਰਮਨ ਕੁਮਾਰ, ਨਾਨੂ, ਮੰਗੀ ਲਾਲ, ਸੁਰਜੀਤ ਕੌਰ, ਰਾਜ ਰਾਣੀ, ਸੁਰਜੀਤ ਕੌਰ ਸੋਨੂ, ਸੁਖਜੀਤ ਕੌਰ ਕਲੇਰ, ਜਸਵਿੰਦਰ ਕੌਰ, ਮਹਿੰਦਰ ਕੌਰ, ਰੁਪਿੰਦਰ ਕੌਰ, ਕਮਲਜੀਤ ਕੌਰ, ਕਮਲੇਸ਼ ਰਾਣੀ, ਸੁਖਵਿੰਦਰ ਕੌਰ, ਗੀਤਾ ਰਾਣੀ, ਊਸ਼ਾ ਰਾਣੀ, ਭਾਵਨਾ ਭਾਟੀਆ ਆਦਿ ਹਾਜ਼ਰ ਸਨ।





# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ 'ਝੋਨੇ ਦੇ ਮਧਰੇਪਣ ਦੇ ਰੋਗ' ਸੰਬੰਧੀ ਕਿਸਾਨ-ਵਿਗਿਆਨੀ ਗੋਸ਼ਟੀ ਦੇ ਨਾਲ ਬੀਜ ਮੇਲੇ ਦਾ ਆਯੋਜਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਭਾਰਤੀ ਖੇਤੀ ਖੋਜ ਸੰਸਥਾ-ਅਟਾਰੀ, ਜੋਨ-1, ਲੁਧਿਆਣਾ ਦੀ ਅਗਵਾਈ ਹੇਠ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਨੇ 14 ਮਈ, 2026 ਨੂੰ ਪਿੰਡ ਜੁਲਾਹ ਮਾਜਰਾ ਵਿਖੇ ਨਿਰਦੇਸ਼ਕ ਪਸਾਰ ਸਿਖਲਾਈ ਨੀਤੀ ਅਨੁਸਾਰ ਦੂਰ-ਦੁਰਾਡੇ ਪਿੰਡ ਤੱਕ ਪਹੁੰਚਣ ਲਈ ਪਿੰਡ ਵਿੱਚ 'ਲੋਨੇ ਦੇ ਮਧਰੇਪਣ ਦੇ ਰੋਗ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ ਸੰਬੰਧੀ ਕਿਸਾਨ-ਵਿਗਿਆਨੀ ਗੋਸ਼ਟੀ ਦੇ ਨਾਲ-ਨਾਲ ਪੀਏਯੂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਦੇ ਬੀਜ ਮੇਲੇ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ 72 ਕਿਸਾਨਾਂ ਅਤੇ ਕਿਸਾਨ ਬੀਬੀਆਂ ਦੀ ਭਾਗੀਦਾਰੀ ਦੇਖੀ ਗਈ। ਉਨ੍ਹਾਂ ਨੇ ਵੱਧ ਪੈਦਾਵਾਰ ਨੂੰ ਬਰਕਰਾਰ ਰੱਖਣ ਲਈ ਜੈਵਿਕ ਖਾਦਾਂ ਅਤੇ ਜੀਵਾਣੂੰ ਖਾਦਾਂ ਨੂੰ ਉਤਸ਼ਾਹਿਤ ਕਰਦੇ ਹੋਏ ਸਰਵਪੱਖੀ ਖਾਦ ਪ੍ਰਬੰਧਨ ਦੁਆਰਾ ਸੰਤੁਲਿਤ ਖਾਦ ਦੀ ਵਰਤੋਂ 'ਤੇ ਜ਼ੋਰ ਦਿੱਤਾ। ਡਾ. ਅਮਰਜੀਤ ਸਿੰਘ, ਪ੍ਰਿੰਸੀਪਲ ਪਲਾਂਟ ਪੈਥੋਲੋਜਿਸਟ, ਨੇ ਝੋਨੇ ਦੇ ਮਧਰੇਪਣ ਦੇ ਰੋਗ ਦੀ ਪਛਾਣ ਅਤੇ ਇਸਦੇ ਫੈਲਾਅ 'ਤੇ ਜਾਣਕਾਰੀ ਸਾਂਝੀ ਕੀਤੀ, ਪਨੀਰੀ ਅਤੇ ਟ੍ਰਾਂਸਪਲਾਂਟ ਕੀਤੇ ਖੇਤਾਂ ਵਿੱਚ ਇਸਦੇ ਵੈਕਟਰ, ਚਿੱਟੀ ਪਿੱਠ ਵਾਲੇ ਟਿੱਡੇ ਦੇ ਨਿਯੰਤਰਣ 'ਤੇ ਜ਼ੋਰ ਦਿੱਤਾ ਤਾਂ ਜੋ ਬਿਮਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ। ਡਾ. ਤੇਜਬੀਰ ਸਿੰਘ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ) ਨੇ ਗਰਮੀਆਂ ਦੇ ਮੌਸਮ ਦੌਰਾਨ ਡੇਅਰੀ ਪਸ਼ੂਆਂ ਦੀ ਦੇਖਭਾਲ 'ਤੇ ਜ਼ੋਰ ਦਿੱਤਾ। ਡਾ. ਅਮਿਤ ਕੌਲ, ਪਸਾਰ ਵਿਗਿਆਨੀ (ਫਸਲ ਵਿਗਿਆਨ) ਨੇ ਸਾਉਣੀ ਦੀਆਂ ਫਸਲਾਂ ਵਿੱਚ ਨਦੀਨਾਂ ਦੀ ਸਰਵਪੱਖੀ ਰੋਕਥਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਡਾ. ਜਸਵਿੰਦਰ ਕੁਮਾਰ, ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ) ਨੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀਆਂ ਬਿਹਤਰ ਕਾਸ਼ਤ ਤਕਨੀਕਾਂ ਅਤੇ ਪੀ.ਏ.ਯੂ ਦੁਆਰਾ ਸਿਫ਼ਾਰਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਜਿਵੇਂ ਕਿ ਪੀ ਆਰ 121, ਪੀ ਆਰ 126, ਪੀ ਆਰ 128, ਪੀ ਆਰ 133 ਅਤੇ ਹੋਰ ਸਾਉਣੀ ਦੀਆਂ ਫਸਲਾਂ ਬਾਰੇ ਜਾਣੂ ਕਰਵਾਇਆ। ਪਿੰਡ ਦੇ ਸਰਪੰਚ ਸ੍ਰੀ ਦਵਿੰਦਰ ਸਿੰਘ ਅਤੇ ਚਾਰ ਅਗਾਂਹਵਧੂ ਕਿਸਾਨ ਜਿਨ੍ਹਾਂ ਨੂੰ ''ਚੈਂਪੀਅਨਜ਼ ਆਫ਼ ਗ੍ਰੀਨਰ ਪੰਜਾਬ' ਵਜੋਂ ਸਨਮਾਨਿਤ ਕੀਤਾ ਗਿਆ ਸੀ, ਉਹ ਵੀ ਇਸ ਸਮਾਗਮ ਵਿੱਚ ਮੌਜੂਦ ਸਨ।



# ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦਾ ਦੇ ਆਗੂਆਂ ਦੀ ਜ਼ਿਲ੍ਹਾ ਸਿੱਖਿਆ ਅਫ਼ਸਰ ਜਲੰਧਰ ਐਲੀਮੈਂਟਰੀ ਨਾਲ ਮੀਟਿੰਗ, ਅਧਿਆਪਕਾਂ ਦੇ ਬਹੁਤੇ ਮਸਲਿਆਂ ਦਾ ਮੌਕੇ ਤੇ ਨਿਪਟਾਰਾ

**ਫਿਲੌਰ/ਅੱਪਰਾ, 15 ਮਈ (ਦੀਪਾ)**–ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੇ ਆਗੂਆਂ ਦੀ ਮੀਟਿੰਗ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਜਲੰਧਰ ਨਾਲ ਜਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਦਿੱਤੇ ਏਜੰਡੇ ਵਿੱਚ ਸ਼ਾਮਿਲ ਬਹੁਤ ਸਾਰੇ ਮਸਲਿਆਂ ਦਾ ਨਿਪਟਾਰਾ ਮੌਕੇ ਤੇ ਕੀਤਾ ਗਿਆ। ਇਸ ਮੌਕੇ ਜਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਮੱਕੜ ਤੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਜਲੰਧਰ ਵਲੋਂ ਸਹਿਮਤੀ ਦਿੱਤੀ ਕੇ ਆਰਜ਼ੀ ਪ੍ਰਬੰਧ ਤੇ ਗਏ ਬਲਾਕ ਫਿਲੌਰ ਦੇ ਅਧਿਆਪਕਾਂ ਦੀ ਅਪ੍ਰੈਲ ਮਹੀਨੇ ਦੀ ਤਨਖ਼ਾਹ ਅਤੇ ਫ਼ਰਵਰੀ ਮਹੀਨੇ ਦੇ ਬਕਾਏ ਕਢਵਾਉਣ ਲਈ ਬਲਾਕ ਸਿੱਖਿਆ ਅਫ਼ਸਰ ਫਿਲੌਰ ਦੋ ਦਿਨ ਵਿੱਚ ਕਾਰਵਾਈ ਕਰਨਗੇ। ਨਵ ਨਿਯੁਕਤ ਈ ਟੀ ਟੀ ਅਧਿਆਪਕ ਮੁਨੀਸ਼ ਗੋਇਲ (01/4/2025) ਸਰਕਾਰੀ ਪ੍ਰਾਇਮਰੀ ਸਕੂਲ ਲੜੋਆ ਬਲਾਕ ਭੋਗਪੁਰ ਦੇ ਪੇ-ਪ੍ਰੋਟੈਕਟ ਸੰਬੰਧੀ ਓਹਨਾਂ ਸੰਬੰਧਤ ਡੀ ਡੀ ਓ ਨੂੰ ਜਲਦ ਕਾਰਵਾਈ ਕਰਨ ਲਈ ਪਾਬੰਦ ਕੀਤਾ,ਕੋਰਟ ਕੇਸ ਦੇ ਪਟੀਸ਼ਨਰ 6635 ਕੇਡਰ ਦੇ ਅਧਿਆਪਕਾਂ ਦੀਆਂ ਤਨਖਾਹਾਂ ਫ਼ਿਕਸ ਕਰਨ ਤੇ ਬਕਾਏ ਕਢਵਾਉਣ ਲਈ ਵਿਭਗ ਵਲੋਂ ਜਾਰੀ ਪੱਤਰ ਇਨਡੋਸ ਕਰਕੇ ਬਲਾਕਾਂ ਨੂੰ ਤਰੁੰਤ ਕਾਰਵਾਈ ਕਰਨ ਲਈ ਕਿਹਾ, ਸੰਨ 2016 ਤੋਂ 2021 ਤੱਕ ਦੇ ਬਕਾਏ ਤਰੁੰਤ ਕਢਵਾਏ ਜਾਣ ਅਤੇ 01/01/2016 ਤੋਂ ਬਾਅਦ ਸੇਵਾ ਮੁਕਤ ਹੋਏ ਅਧਿਆਪਕਾਂ ਦੀ ਕਮਾਈ ਛੁੱਟੀ/ ਪੇ ਫਿਕਸੇਸ਼ਨ ਬਕਾਇਆਂ ਸਬੰਧੀ ਬਲਾਕ





ਪ੍ਰਾਇਮਰੀ ਅਫ਼ਸਰਾਂ ਨੂੰ ਪਾਬੰਦ ਕੀਤਾ ਅਤੇ ਬਜ਼ਟ ਜਲਦ ਭੇਜਿਆ ਜਾਵੇਗਾ। ਵਿਦੇਸ਼ ਛੁੱਟੀ ਲਈ ਜਲੰਧਰ ਦਫ਼ਤਰ ਵਲੋਂ ਸਾਰੇ ਕੇਸ ਮੋਹਾਲੀ ਭੇਜਣ ਤੇ ਸਹਿਮਤੀ ਬਣੀ।ਮੈਡੀਕਲ ਬਿੱਲਾਂ ਬਾਰੇ ਸਾਰੇ ਬਲਾਕ ਪ੍ਰਾਇਮਰੀ ਅਫ਼ਸਰਾਂ ਤੋਂ ਰਿਪੋਰਟ ਮੰਗੀ ਮੰਗੀ ਗਈ ਤੇ ਖ਼ਾਸ ਤੌਰ ਤੇ ਮਰਹੂਮ ਈ ਟੀ ਟੀ ਟੀਚਰ ਨਵਾਂ ਪਿੰਡ ਅਰਾਈਆਂ ਨਕੋਦਰ ਬਲਾਕ ਦੋ ਸ੍ਰੀ ਹਰਮੇਸ਼ ਕੁਮਾਰ* ਜਿਹੜਾ ਕੈਂਸਰ ਤੋਂ ਪੀੜਤ ਸੀ ਜਿਸ ਦੀ ਪਤਨੀ ਵੀ ਸਿੱਖਿਆ ਪ੍ਰੋਵਾਇਡਰ ਹੈ ਦੇ ਮੈਡੀਕਲ ਬਕਾਏ ਕਢਵਾਉਣ ਸੰਬੰਧੀ ਅਤੇ

ਈ ਟੀ ਟੀ ਟੀਚਰ ਰੇਨੂੰ ਬਾਲਾ ਪ੍ਰਾਇਮਰੀ ਸਕੂਲ ਸ਼ੰਕਰ ਬਲਾਕ ਨਕੋਦਰ ਦੋ ਪੇ ਫਿਕਸੇਸ਼ਨ ਦੇ ਬਕਾਏ ਦੇ ਟਾਇਮ ਬਾਰਡ ਬਿੱਲ ਸੰਬੰਧੀ ਬਲਾਕ ਨਕੋਦਰ ਦੋ ਨੂੰ ਵੀਰਵਾਰ ਅਮਲੇ ਸਮੇਤ ਦਫ਼ਤਰ ਪੁੱਜ ਕੇ ਕਾਰਵਾਈ ਕਰਨ ਲਈ ਮੌਕੇ ਤੇ ਆਦੇਸ਼ ਜਾਰੀ ਕੀਤੇ ਗਏ। ਕਈ ਬਲਾਕਾਂ ਦੇ ਕੁੱਝ ਅਧਿਆਪਕਾਂ ਦੀਆਂ 2023-24 ਸੈਸ਼ਨ ਦੀਆਂ ਅਛ੍ਰੂਸ਼ ਤੇ ਜਿਹੜਾ ਸ਼ੋ ਨਹੀਂ ਹੋ ਰਹੀਆਂ ਬਾਰੇ ਕਾਰਵਾਈ ਦਾ ਭਰੋਸਾ ਦਿੱਤਾ।

ਸਾਰੇ ਬਲਾਕਾਂ ਦੀਆਂ ਘਫਢ ਨੂੰ ਆਨਲਾਈਨ ਅੱਪਡੇਟ ਕਰਨ ਬਾਰੇ ਸਹਿਮਤੀ ਬਣੀ।

ਪ੍ਰਾਇਮਰੀ ਸਕੂਲਾਂ ਦੇ ਬਿਜਲੀ ਦੇ ਬਿੱਲ ਤਾਰਨ ਲਈ ਹੋਰ ਰਕਮ ਬਲਾਕਾਂ ਨੂੰ ਭੇਜ ਦਿੱਤੀ ਗਈ ਹੈ।ਗੁਰਿੰਦਰ ਸਿੰਘ ਈ ਟੀ ਟੀ ਪਰਾਗਪੁਰ ਪੂਰਬੀ ਇੱਕ ਦੀਆਂ ਪੈੱਨਡਿੰਗ ਮੈਡੀਕਲ ਛੁੱਟੀਆਂ ਮਿਤੀ (25/4/2024 ਤੋਂ 15/04/2024 ਕੁੱਲ 42ਦਿਨ) 16/04/2024 ਤੋਂ 30/5/2024 ਤੱਕ ਕੁੱਲ 30 ਦਿਨ ਮਨਜੂਰ ਕਰਨ ਸਬੰਧੀ ਉੱਪ ਜਿਲ੍ਹਾ ਸਿੱਖਿਆ ਅਫ਼ਸਰ ਨੂੰ ਕਾਰਵਾਈ ਲਈ ਕਿਹਾ ਗਿਆ। ਇਸ ਮੌਕੇ ਹੋਰ ਦਿੱਤੇ ਏਜੰਡਿਆਂ ਤੇ ਮਸਲੇ ਹੱਲ ਕਰਨ ਦੀ ਸਹਿਮਤੀ ਬਣੀ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਆਗੂ ਗੁਰਿੰਦਰ ਸਿੰਘ, ਰਾਜਿੰਦਰ ਸਿੰਘ ਭੋਗਪੁਰ, ਜਸਵੀਰ ਫਿਲੌਰ, ਲਖਵਿੰਦਰ ਸਿੰਘ ਸਮਰਾ, ਮੁਨੀਸ਼ ਕੁਮਾਰ, ਮਨਜੀਤ ਸਿੰਘ, ਜਗਸੀਰ ਫ਼ਿਲੌਰ, ਰਣਜੀਤ ਸਿੰਘ ਫਿਲੌਰ, ਸੁਸ਼ੀਲ ਫਿਲੌਰ ਆਦਿ ਹਾਜ਼ਰ ਸਨ।

# ਬਜਰੰਗ ਦਲ ਹਿੰਦੁਸਤਾਨ ਵਲੋਂ ਕਰਵਾਇਆ ਗਿਆ ਸਨਮਾਨ ਸਮਾਰੋਹ ਯਾਦਗਰੀ ਹੋ ਨਿਬੜਿਆ

ਹੁਸ਼ਿਆਰਪੁਰ / ਡੱਬਵਾਲੀ, 15 ਮਈ (ਤਰਸੇਮ ਦੀਵਾਨਾ ) - ਬਜਰੰਗ ਦਲ ਹਿੰਦੁਸਤਾਨ ਦੀ ਰਾਸ਼ਟਰੀ ਕੋਰ ਕਮੇਟੀ ਵੱਲੋਂ ਡੱਬਵਾਲੀ ਵਿੱਚ ਰਾਸ਼ਟਰੀ ਪੱਧਰ 'ਤੇ ਸਥਾਨਕ ਅਗਰਵਾਲ ਧਰਮਸ਼ਾਲਾ ਕੰਪਲੈਕਸ ਵਿੱਚ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਦਾ ਆਯੋਜਿਨ ਕੀਤਾ ਗਿਆ। ਸਮਾਗਮ ਵਿੱਚ ਜੈ ਗੋਪਾਲ ਲਾਲੀ, ਰਾਸ਼ਟਰੀ ਚੇਅਰਮੈਨ, ਕੁਲਦੀਪ ਸੋਨੀ, ਰਾਸ਼ਟਰੀ ਕਾਰਜਕਾਰਨੀ ਪ੍ਰਧਾਨ, ਮਨਜੀਤ ਸਿੰਘ ਮਾਹਿਲਪੁਰੀ ਰਾਸ਼ਟਰੀ ਸਕੱਤਰ, ਅਨਿਲ ਟੰਡਨ, ਰਾਸ਼ਟਰੀ ਸਕੱਤਰ, ਐਡਵੋਕੇਟ ਸੰਦੀਪ ਪਾਠਕ, ਸੀਨੀਅਰ ਹਿੰਦੂ ਨੇਤਾ, ਪਰਮਜੀਤ ਸਿੰਘ ਫੌਜੀ ਬੂਥਗੜ੍ਹ, ਸੀਨੀਅਰ ਰਾਸ਼ਟਰੀ ਵਾਈਸ ਪ੍ਰਧਾਨ, ਜਸਵੀਰ ਸਿੰਘ ਮਿੰਟੂ, ਰਾਸ਼ਟਰੀ ਵਾਈਸ ਪ੍ਰਧਾਨ, ਪ੍ਰਵੀਨ ਮਦਾਨ, ਰਾਸ਼ਟਰੀ ਸੰਗਠਨ ਮੰਤਰੀ, ਰਾਹੁਲ ਠਾਕੁਰ, ਰਾਸ਼ਟਰੀ ਪ੍ਰਚਾਰਕ, ਰਾਹੁਲ ਭਾਰਦਵਾਜ, ਸ਼ਹਿਰ ਸੁਪਰਡੈਂਟ ਅਬੋਹਰ, ਸੁਰਿੰਦਰ ਸ਼ਰਮਾ, ਵਾਈਸ



ਪ੍ਰਧਾਨ ਪੰਜਾਬ, ਦਵਿੰਦਰ ਸਿੰਘ ਮਾਲਪੁਰੀ, ਜ਼ਿਲ੍ਹਾ ਵਾਈਸ ਪ੍ਰਧਾਨ ਹੁਸ਼ਿਆਰਪੁਰ ਅਤੇ ਸੰਜੀਵ ਕੁਮਾਰ ਸੰਜੂ ਪ੍ਰਧਾਨ ਹੁਸ਼ਿਆਰਪੁਰ ਆਦਿ ਹਾਜ਼ਰ ਹੋਏ। ਇਸ ਸਮਾਗਮ ਦੇ ਰਵੀ ਬਿਸ਼ਨੋਈ ਐਮਡੀ ਸ਼੍ਰੀ ਸਾਈਂ ਫਾਈਨਾਂਸ ਮੁੱਖ ਮਹਿਮਾਨ ਸਨ ਜਦੋਂ ਕਿ ਰਿਟਾ. ਪ੍ਰਿੰਸੀਪਲ ਸੋਮ ਪ੍ਰਕਾਸ਼ ਸ਼ਰਮਾ, ਡਾ. ਰਾਜਿੰਦਰ ਗਰਗ ਜਿਮੀਂਦਾਰਾ, ਵਿਜਯੰਤ ਸ਼ਰਮਾ, ਪ੍ਰੇਮ ਕਨਵਾੜੀਆ, ਕੁਲਵੀਰ ਸ਼ਾਂਤ ਇੰਸਾ, ਖੇਮਚੰਦ ਕਾਮਰੇਡ ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸਮਾਜ ਸੇਵੀ ਭਵਿੱਖ ਦੇ ਐਮਐਲਏ ਰਾਕੇਸ਼ ਸ਼ਰਮਾ ਨੇ ਸ਼੍ਰੀ ਬਜਰੰਗ ਬਲੀ ਮਹਾਰਾਜ ਜੀ ਦੇ ਸਾਹਮਣੇ ਜੋਤੀ ਜਗਾ ਕੇ ਕੀਤੀ। ਐਡਵੋਕੇਟ ਸੰਦੀਪ ਪਾਠਕ ਸਮੇਤ ਹੋਰ ਬੁਲਾਰਿਆਂ ਨੇ ਬਜਰੰਗ ਦਲ ਹਿੰਦੂਸਤਾਨ ਸੰਗਠਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਮੰਚ ਸੰਚਾਲਨ ਕਰਦੇ ਹੋਏ ਨਵਨੀਤ ਕਨਵਾੜੀਆ ਨੇ ਦੱਸਿਆ ਕਿ ਇਸ ਸਨਮਾਨ ਸਮਾਰੋਹ ਵਿੱਚ ਹਾਜ਼ਰ ਕਾਰਕੁਨਾਂ ਨੂੰ ਪੂਰੇ ਹਰਿਆਣਾ ਪ੍ਰਦੇਸ਼ ਵਿੱਚ ਅਹੁਦੇਦਾਰ ਨਿਯੁਕਤ ਕੀਤਾ ਗਿਆ ਹੈ। ਇਸ ਦੌਰਾਨ ਬਜਰੰਗ ਦਲ ਹਿੰਦੂਸਤਾਨ ਹਰਿਆਣਾ ਪ੍ਰਦੇਸ਼ ਅਹੁਦੇਦਾਰ ਜਗਪਾਲ ਸਿੰਘ ਸਰਾਂ ਨੂੰ ਪ੍ਰਦੇਸ਼ ਪ੍ਰਧਾਨ ਹਰਿਆਣਾ, ਨਵਨੀਤ ਕਨਵਾੜੀਆ ਯੂਥ ਪ੍ਰਦੇਸ਼ ਪ੍ਰਧਾਨ ਹਰਿਆਣਾ, ਪ੍ਰਦੀਪ ਲਖੋਤਰਾ ਗਊ ਰੱਖਿਆ ਦਲ ਪ੍ਰਧਾਨ, ਸੋਨੀਆ ਸ਼ਰਮਾ ਮਹਿਲਾ ਵਿੰਗ ਪ੍ਰਦੇਸ਼ ਪ੍ਰਧਾਨ, ਚਰਨਜੀਤ ਚੰਨੀ ਟਰਾਂਸਪੋਰਟ ਸਕੱਤਰ ਹਰਿਆਣਾ ਨੂੰ ਤਲਵਾਰ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਫੋਟੋ ਅਜਮੇਰ ਦੀਵਾਨਾ

# ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਵਿਚਾਰ ਚਰਚਾ 24 ਨੂੰ

**ਜਲੰਧਰ (ਸਤਨਾਮ ਸਿੰਘ ਸਹੂੰਗੜਾ )**

24 ਮਈ 1896 ਨੂੰ ਪਿੰਡ ਸਰਾਭਾ (ਲੁਧਿਆਣਾ) ਵਿਖੇ ਜਨਮੇ ਅਤੇ 16 ਨਵੰਬਰ 1916 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਖੇ ਫਾਂਸੀ ਲਗਾ ਦਿੱਤੇ ਗਏ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 130ਵੇਂ ਜਨਮ ਦਿਹਾੜੇ ਮੌਕੇ 24 ਮਈ 2026 ਦਿਨ ਐਤਵਾਰ ਸਵੇਰੇ 11:00 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਉਹਨਾਂ ਦੀ ਘਾਲਣਾ ਨੂੰ ਸਿਜਦਾ ਕਰਨ ਲਈ ਵਿਚਾਰ-ਚਰਚਾ ਸਮਾਗਮ ਕੀਤਾ ਜਾਏਗਾ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਵਿਚਾਰ ਚਰਚਾ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ (ਡਾ.) ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 'ਮਿਸਾਲੀ ਜੀਵਨ ਅਤੇ ਯੋਗਦਾਨ' ਵਿਸ਼ੇ ਉਪਰ ਆਪਣਾ ਕੁੰਜੀਵਤ ਭਾਸ਼ਣ ਦੇਣਗੇ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ ਨਜ਼ਰ 'ਚ ਗ਼ਦਰ ਪਾਰਟੀ ਦੇ ਬਾਲ ਜਰਨੈਲ ਕਰਤਾਰ ਸਿੰਘ ਸਰਾਭਾ ਦੀ ਦੇਣ ਆਪਣੇ ਆਪ ਵਿੱਚ ਆਜ਼ਾਦੀ ਦੀ ਤਵਾਰੀਖ਼ ਵਿਚ ਵਿਲੱਖਣ ਇਨਕਲਾਬੀ ਇਤਿਹਾਸ ਦਾ ਸੂਹਾ ਵਰਕਾ ਹੈ ਜਿਹੜਾ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਦਾ ਮਾਰਗ ਦਰਸ਼ਕ ਬਣਿਆ ਰਹੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਸ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਲਈ ਸਮੂਹ ਭਰਾਤਰੀ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ।

# ਅਗਰ ਅਧਿਆਪਕ ਸਾਰਾ ਦਿਨ ਘੁੰਮ ਘੁੰਮ ਕੇ ਸਰਵੇਖਣ ਕਰਨਗੇ ਤਾਂ ਸਕੂਲਾਂ ਵਿੱਚ ਬੱਚਿਆਂ ਨੂੰ ਕੌਣ ਪੜ੍ਹਾਏਗਾ : ਲਾਲੀ ਬਾਜਵਾ, ਐਡਵੋਕੇਟ ਭਾਰਦਵਾਜ

**ਹੁਸ਼ਿਆਰਪੁਰ 15 ਮਈ ( ਤਰਸੇਮ ਦੀਵਾਨਾ )** – ਅੱਜ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ 'ਡਰੱਗ ਸੈਂਸਸ' ਨੂੰ "ਰਾਜਨੀਤਿਕ ਜਾਸੂਸੀ" ਕਰਾਰ ਦਿੱਤਾ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਲਾਲੀ ਬਾਜਵਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਐਸ ਸੀ ਵਿੰਗ ਦੇ ਸੂਬਾ ਜਨਰਲ ਸਕੱਤਰ ਐਡੋਵਕੇਟ ਸਮਸ਼ੇਰ ਸਿੰਘ ਭਾਰਦਵਾਜ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਕੀਤਾ । ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਦੇ ਨਾਂ 'ਤੇ ਕਰਵਾਇਆ ਜਾ ਰਿਹਾ ਇਹ ਸਰਵੇਖਣ ਅਸਲ ਵਿੱਚ ਲੋਕਾਂ ਦੇ ਨਿੱਜੀ ਜੀਵਨ ਵਿੱਚ ਦਖ਼ਲਅੰਦਾਜ਼ੀ ਅਤੇ ਆਉਣ ਵਾਲੀਆਂ ਚੋਣਾਂ ਲਈ ਡਾਟਾ ਇਕੱਠਾ ਕਰਨ ਦਾ ਇੱਕ ਕੋਝਾ ਹਥਿਆਰ ਹੈ। ਉਹਨਾਂ ਕਿਹਾ ਕਿ ਮਾਨ ਸਰਕਾਰ ਵਲੋਂ ਸਿਆਸੀ ਸਵਾਰਥ ਲਈ ਅਧਿਆਪਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ ! ਉਹਨਾਂ ਕਿਹਾ ਕਿ ਸਰਕਾਰ ਇਸ ਸਰਵੇਖਣ ਰਾਹੀਂ ਅਜਿਹੇ ਸਵਾਲ ਪੁੱਛ ਰਹੀ ਹੈ ਜਿਨ੍ਹਾਂ ਦਾ ਮਕਸਦ ਨਸ਼ਾ ਖਤਮ ਕਰਨਾ ਨਹੀਂ, ਸਗੋਂ ਘਰ-ਘਰ ਜਾ ਕੇ ਲੋਕਾਂ ਦੀ ਰਾਜਨੀਤਿਕ ਸੋਚ ਅਤੇ ਉਨ੍ਹਾਂ ਦੀਆਂ ਕਮਜ਼ੋਰੀਆਂ ਦਾ ਪਤਾ ਲਗਾਉਣਾ ਹੈ।

ਉਹਨਾਂ ਕਿਹਾ ਕਿ ਅਧਿਆਪਕਾਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ ਕਿ ਉਹ ਸਰਕਾਰ ਦੇ 'ਸਿਆਸੀ ਏਜੰਟ' ਵਜੋਂ ਕੰਮ ਕਰਨ ਤਾਂ ਜੋ ਸੱਤਾਧਾਰੀ ਧਿਰ ਆਪਣੇ ਰਾਜਨੀਤਿਕ ਸਵਾਰਥ ਸਾਧ ਸਕੇ। ਉਹਨਾ ਵਲੋਂ ਇਹ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਸ ਸਰਵੇਖਣ ਰਾਹੀਂ ਇਕੱਠੀ ਕੀਤੀ ਜਾਣਕਾਰੀ ਦੀ ਵਰਤੋਂ ਵਿਰੋਧੀ ਸੁਰਾਂ ਨੂੰ ਦਬਾਉਣ ਅਤੇ ਚੋਣਾਂ ਦੌਰਾਨ ਲੋਕਾਂ ਨੂੰ ਭਰਮਾਉਣ ਲਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜਦੋਂ ਅਧਿਆਪਕ ਸਾਰਾ ਦਿਨ ਸੜਕਾਂ 'ਤੇ ਸਰਵੇਖਣ



ਕਰਨਗੇ ਅਤੇ ਰਾਤ ਤੱਕ ਘਰਾਂ ਦੇ ਦਰਵਾਜ਼ੇ ਖੜਕਾਉਣਗੇ, ਤਾਂ ਸਕੂਲਾਂ ਵਿੱਚ ਬੱਚਿਆਂ ਨੂੰ ਕੌਣ ਪੜ੍ਹਾਏਗਾ? ਸਰਕਾਰ ਜਾਣਬੁੱਝ ਕੇ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਫੇਲ੍ਹ ਕਰ ਰਹੀ ਹੈ। ਉਹਨਾਂ ਕਿਹਾ ਕਿ ਮਹਿਲਾ ਅਧਿਆਪਕਾਂ ਨੂੰ ਦੇਰ ਸ਼ਾਮ ਤੱਕ ਖੱਜਲ-ਖੁਆਰ ਕਰਨਾ ਅਤੇ ਉਨ੍ਹਾਂ ਨੂੰ ਲੋਕਾਂ ਦੇ ਗੁੱਸੇ ਅਤੇ ਬਦਸਲੂਕੀ ਅੱਗੇ ਨਿਹੱਥੇ ਛੱਡ ਦੇਣਾ ਸਰਕਾਰ ਦੀ ਸੰਵੇਦਨਹੀਣਤਾ ਦੀ ਪ੍ਰਤੱਖ ਮਿਸਾਲ ਹੈ। ਉਹਨਾਂ ਕਿਹਾ ਕਿ ਸਰਕਾਰ ਨਸ਼ਾ ਖਤਮ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਹੁਣ ਅਧਿਆਪਕਾਂ ਸਿਰ ਬੰਦੂਕ ਰੱਖ ਕੇ ਆਪਣੀਆਂ ਨਾਕਾਮੀਆਂ ਛੁਪਾਉਣ ਅਤੇ ਆਪਣਾ ਵੋਟ ਬੈਂਕ ਪੱਕਾ ਕਰਨ ਦੀਆਂ ਚਾਲਾਂ ਚੱਲ ਰਹੀ ਹੈ। ਉਹਨਾਂ ਕਿਹਾ ਕਿ ਅਸੀਂ ਅਧਿਆਪਕਾਂ ਨੂੰ ਸਰਕਾਰ ਦੀ 'ਰਾਜਨੀਤਿਕ ਕਠਪੁਤਲੀ' ਨਹੀਂ ਬਣਨ ਦਿਆਂਗੇ। ਉਹਨਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਸਰਕਾਰ ਤੁਰੰਤ ਇਸ ਸਿਆਸੀ ਸਰਵੇਖਣ ਨੂੰ ਬੰਦ ਕਰੇ। ਜੇਕਰ ਸਰਕਾਰ ਵਾਕਈ ਨਸ਼ਾ ਖਤਮ ਕਰਨਾ ਚਾਹੁੰਦੀ ਹੈ, ਤਾਂ ਉਹ ਅਧਿਆਪਕਾਂ ਨੂੰ ਪ੍ਰੇਸ਼ਾਨ ਕਰਨ ਦੀ ਬਜਾਏ ਡਰੱਗ ਮਾਫੀਆ 'ਤੇ ਸ਼ਿਕੰਜਾ ਕੱਸੇ। ਉਹਨਾਂ ਕਿਹਾ ਕਿ ਜੇਕਰ ਇਹ ਡਿਊਟੀਆਂ ਤੁਰੰਤ ਵਾਪਸ ਨਾ ਲਈਆਂ ਗਈਆਂ, ਤਾਂ ਵਿਰੋਧੀ ਧਿਰ ਅਧਿਆਪਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਰਕਾਰ ਵਿਰੁੱਧ ਮੋਰਚਾ ਖੋਲ੍ਹੇਗੀ।

# ਸਰਕਾਰੀ ਸੇਵਾਵਾਂ ਵਿੱਚ ਕਾਰਜਰਤ ਮੁਲਾਜਮਾਂ ਦਾ ਭਵਿੱਖ ਸੁਰੱਖਿਅਤ ਹੋਣਾ ਜਰੂਰੀ : ਡਾ ਅਜੇ ਬੱਗਾ

**ਹੁਸ਼ਿਆਰਪੁਰ 15 ਮਈ ( ਤਰਸੇਮ ਦੀਵਾਨਾ )** – ਸਮਾਜਿਕ ਜਾਗਰੂਕਤਾ ਲਈ ਕਾਰਜਰਤ ਸੰਸਥਾ "ਸਵੇਰਾ" ਨੇ ਪੰਜਾਬ ਰਾਜ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੇਨਤੀ ਕੀਤੀ ਹੈ ਕਿ ਸਰਕਾਰੀ ਵਿਭਾਗਾਂ ਵਿੱਚ ਆਊਟਸੋਰਸਿੰਗ, ਕੰਟਰੈਕਟ ਤੇ ਕਾਰਜਰਤ ਅਸਥਾਈ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਤੁਰੰਤ ਨਿਯਮਤ ਕੀਤਾ ਜਾਵੇ। ਸਰਕਾਰੀ ਸੇਵਾ ਦੌਰਾਨ ਨੌਕਰੀ ਵਲੋਂ ਸੁਰੱਖਿਅਤ ਕਰਮਚਾਰੀ ਹੀ ਸਮਰਪਿਤ ਭਾਵਨਾ ਨਾਲ ਕੰਮ ਕਰ ਸਕਦਾ ਹੈ। ਸਰਕਾਰ ਤਾਂ ਹੀ ਕੁਸ਼ਲ ਸ਼ਾਸ਼ਨ ਦੇ ਸਕਦੀ ਹੈ ਜੇਕਰ ਉਹਨਾਂ ਲੋਕਾਂ ਦਾ ਭਵਿੱਖ ਸੁਰੱਖਿਅਤ ਹੋਵੇਗਾ ਜਿਹਨਾਂ ਨੇ ਸਾਫ-ਸੁਥਰਾ ਸ਼ਾਸ਼ਨ ਦੇਣ ਵਿੱਚ ਅਹਿਮ ਭੂਮਿਕਾ ਅਦਾ ਕਰਨੀ ਹੈ। "ਸਵੇਰਾ" ਦੇ ਅਹੁਦੇਦਾਰਾਂ ਡਾ.ਅਜੇ ਬੱਗਾ, ਹਰੀਸ਼ ਸੈਣੀ, ਡਾ.ਸਰਦੂਲ ਸਿੰਘ ਅਤੇ ਡਾ.ਅਵਨੀਸ਼ ਓਹਰੀ ਨੇ ਜਾਰੀ ਬਿਆਨ ਵਿੱਚ ਆਖਿਆ ਕਿ ਸਰਕਾਰੀ ਸੇਵਾਵਾਂ ਜਨਤਕ ਭਲਾਈ ਦੀ ਰੀੜ ਦੀ ਹੱਡੀ ਹਨ। ਸਰਕਾਰੀ ਵਿਭਾਗ ਉਦੋਂ



ਤੱਕ ਕੁਸ਼ਲਤਾ ਨਾਲ ਨਹੀਂ ਚੱਲ ਸਕਦੇ ਜਦ ਤੱਕ ਇਹਨਾਂ ਵਿਭਾਗਾਂ ਵਿੱਚ ਸੇਵਾਵਾਂ ਦੇਣ ਵਾਲੇ ਕਰਮਚਾਰੀ ਖੁਦ ਭਵਿੱਖ ਦੀ ਅਸੁਰੱਖਿਆ ਵਿੱਚ ਜੀਅ ਰਹੇ ਹਨ। ਅਸਥਾਈ ਅਧਾਰ ਤੇ ਭਰਤੀ ਕੀਤੇ ਕਰਮਚਾਰੀ ਉਹੀ ਜਿੰਮੇਵਾਰੀ ਅਤੇ ਉਹੀ ਕੰਮ ਕਰਦੇ ਹਨ ਜਿਹੜੇ ਕਿ ਪੱਕੇ ਕਰਮਚਾਰੀ ਕਰਦੇ ਹਨ। ਪਰ ਅਸਥਾਈ ਕਰਮਚਾਰੀਆਂ ਕੋਲ ਨੌਕਰੀ ਦੀ ਸੁਰੱਖਿਆ, ਪੈਨਸ਼ਨ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਨਹੀਂ ਹੁੰਦੀ। ਇਸ ਤਰ੍ਹਾਂ ਸਰਕਾਰੀ ਸੰਸਥਾਵਾਂ ਦੇ ਅੰਦਰ ਹੀ ਦੋਹਰੀ ਪ੍ਰਣਾਲੀ ਬਣ ਜਾਂਦੀ ਹੈ, ਜੋ ਸਟਾਫ ਦਾ ਮਨੋਬਲ ਡੇਗਦੀ ਹੈ ਅਤੇ ਸੇਵਾ ਦੀ ਗੁਣਵੱਤਾ ਨੂੰ ਕਮਜੋਰ ਕਰਦੀ ਹੈ। ਕੰਟਰੈਕਟ ਮੁਲਾਜਮ ਅਚਾਨਕ ਬਰਖਾਸਤਗੀ ਅਤੇ ਸ਼ੋਸ਼ਣ ਦੇ ਡਰ ਵਿੱਚ ਜਿਉਂਦੇ ਹਨ। ਬਹੁਤ ਸਾਰੇ ਕਰਮਚਾਰੀ ਸਾਲਾਂ ਤੱਕ ਤਜਰਬਾ ਅਤੇ ਮਹਾਰਤ ਹਾਸਲ ਕਰਨ ਦੇ ਬਾਵਜੂਦ ਤਰੱਕੀ ਅਤੇ ਸਥਿਰਤਾ ਤੋਂ ਵਾਂਝੇ ਰਹਿ ਜਾਂਦੇ ਹਨ। ਅਹੁਦੇਦਾਰਾਂ ਨੇ ਇਹ ਵੀ ਆਖਿਆ ਕਿ ਜਦੋਂ ਅਸਥਾਈ ਤੌਰ ਤੇ ਕੰਮ ਕਰਨ ਵਾਲੇ ਕਰਮਚਾਰੀ ਆਪਣੇ ਹੱਕਾਂ ਦੀ ਮੰਗ ਕਰਦੇ ਹੋਏ ਹੜਤਾਲ ਤੇ ਜਾਂਦੇ ਹਨ ਤਾਂ ਉਹਨਾਂ ਨੂੰ ਕੰਮ ਵਿੱਚ ਵਿਘਨ ਪਾਉਣ ਵਾਲੇ ਕਰਾਰ ਦਿੱਤਾ ਜਾਂਦਾ ਹੈ ਨਾ ਕਿ ਸਿਸਟਮ ਦੀ ਕਮੀ ਨੂੰ ਉਜਾਗਰ ਕਰਨ ਵਾਲੇ। "ਸਵੇਰਾ" ਦੇ ਕਨਵੀਨਰ ਡਾ.ਅਜੇ ਬੱਗਾ ਨੇ ਭਵਿੱਖ ਵਿੱਚ ਸਰਕਾਰੀ ਸੇਵਾਵਾਂ ਵਿੱਚ ਸਾਰੀਆਂ ਨਿਯੁਕਤੀਆਂ ਪਹਿਲੇ ਦਿਨ ਤੋਂ ਹੀ ਨਿਯਮਤ ਅਤੇ ਪੱਕੇ ਕਰਨ ਦੇ ਅਧਾਰ ਤੇ ਕੀਤੇ ਜਾਣ ਦੀ ਮੰਗ ਕੀਤੀ ਹੈ ।

# ਪਿੰਡ ਹਲਵਾਰਾ ਨੇੜੇ ਅੰਤਰਰਾਸ਼ਟਰੀ ਏਅਰਪੋਰਟ ਵਿਖੇ 14 ਜੂਨ ਨੂੰ ਮਹਿਫਿਲ-ਅ-ਕਵਾਲੀ - ਬਾਬਾ ਹਰਜਿੰਦਰ ਸਿੰਘ ਕੋਚ/ ਹਰਦੇਵ ਸਿੰਘ ਬੋਪਾਰਾਏ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਕੁਟੀਆ ਸੰਤ ਬਾਬਾ ਨਗੀਨਾ ਦਾਸ ਜੀ ਦਰਬਾਰ ਪੀਰ ਬਾਬਾ ਹਜਰਤ ਮੀਆਂ ਨਵਾਬ ਸ਼ਾਹ ਜੀ ਦਾ ਸਲਾਨਾ ਭੰਡਾਰਾ 14 ਅਤੇ 15 ਜੂਨ ਨੂੰ ਬੜੀ ਧੂਮ ਧਾਮ ਨਾਲ ਪਿੰਡ ਹਲਵਾਰਾ ਜਿਲਾ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਇੱਥੋਂ ਦੇ ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਕੋਚ ਨੇ ਪੱਤਰਕਾਰਾਂ ਨੂੰ ਦੱਸਿਆ ਕਿ 14 ਜੂਨ ਦਿਨ ਐਤਵਾਰ ਨੂੰ ਸਵੇਰੇ ਖਤਮ ਸ਼ਰੀਫ ਸਵੇਰੇ 10:30 ਵਜੇ ਚਾਦਰ ਦੀ ਰਸਮ 11 ਵਜੇ ਪੰਜਾਬ ਦੀਆਂ ਮਸ਼ਹੂਰ ਕਵਾਰ



ਪਾਰਟੀ ਜਿੰਨਾ ਵਿੱਚ ਪਹੁੰਚਣਗੇ। ਸਰਦਾਰ ਅਲੀ ਅੰਤਰਰਾਸ਼ਟਰੀ ਏਅਰਪੋਰਟ ਵਾਲਾ ਰੋਡ ਨੇੜੇ ਸ਼ਮਸ਼ਾਨ ਘਾਟ ਪਿੰਡ ਹਲਵਾਰਾ ਵਿਖੇ ਸਰਕਾਰਾਂ ਦੇ ਗੁਣਗਾਨ ਸੰਗਤਾਂ ਨੂੰ ਸੁਣਾਉਣਗੇ। ਮੇਲੇ ਦੌਰਾਨ ਮੀਮ ਭੀਮ ਖਾਲਸਾ ਸੰਗਠਨ ਦੇ ਸੂਬਾ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਵਿਸ਼ੇਸ਼ ਤੌਰ ਤੇ ਉਹਨਾਂ ਦੱਸਿਆ ਕਿ ਇਹੋ ਜਿਹੇ ਮੇਲੇ ਆਪਸੀ ਭਾਈਚਾਰਕ ਸਾਂਝ ਨੂੰ ਦਰਸਾਉਣ ਦੇ ਹਨ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਇਸ ਤਰ੍ਹਾਂ ਦੇ ਕਾਰਜ ਕਰਨੇ ਚਾਹੀਦੇ ਹਨ। ਜਿਸ ਨਾਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਪ ਅਸੀਂ ਪ੍ਰੇਮ ਪਿਆਰ ਵੱਧਦਾ ਹੈ।

# ਠੇਕਾ ਮੁਲਾਜ਼ਮਾਂ ਦੀ ਜਿੱਤ,ਸੰਘਰਸ਼ ਦੀ ਜਿੱਤ - ਹਰਪ੍ਰੀਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਟੇਟ ਪਾਵਰ ਕੌਮ ਠੇਕਾ ਮੁਲਾਜ਼ਮਾਂ ਕੰਪਲੇਂਟ ਹੈਂਡਲਿੰਗ ਬੁਆਏ (ਸੀ. ਐਚ. ਬੀ) ਅਤੇ ਸੀ.ਐਚ.ਡਵਿਲਯੂ ਨੇ ਪੰਜਾਬ ਸਰਕਾਰ ਖ਼ਿਲਾਫ਼ ਲੰਬੇ ਸੰਘਰਸ਼ ਤੋਂ ਬਾਅਦ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਨਵਾਂਸ਼ਹਿਰ ਠੇਕਾ ਮੁਲਾਜ਼ਮਾਂ ਦੇ ਆਗੂ ਹਰਪ੍ਰੀਤ ਸਿੰਘ ਹਨੀ , ਰਵਿੰਦਰ ਕੁਮਾਰ, ਗੋਪੀ ਗੌਰਵ ਦੀ ਅਗਵਾਈ ਵਿੱਚ ਲੜੇ ਗਏ ਸ਼ੰਘਰਸ਼ਾਂ ਨੇ ਸਰਕਾਰ



ਨੂੰ ਠੇਕਾ ਪ੍ਰਥਾ ਖਤਮ ਕਰਨ ਲਈ ਮਜਬੂਰ ਕੀਤਾ ਹੈ। ਇਹਨਾਂ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਠੇਕਾ ਐਗਰੀਮੈਂਟ ਖਤਮ ਕਰਕੇ ਇਨ੍ਹਾਂ ਨੂੰ ਪੀ.ਐਸ.ਪੀ.ਸੀ.ਐਲ. ਵਿਚ ਕੰਡਕਟ ਤੇ ਭਰਤੀ ਕਰਨ ਦੇ ਹੁਕਮ ਜਾਰੀ ਕੀਤੇ। ਨਵਾਂਸ਼ਹਿਰ ਤੋਂ ਠੇਕਾ ਮੁਲਾਜ਼ਮ ਕੁਲਦੀਪ ਸਿੰਘ ਟੀ.ਐਸ.ਯੂ.ਸਰਕਲ ਆਗੂ ਵੱਲੋਂ ਇਨ੍ਹਾਂ ਸਾਥੀਆਂ ਨੂੰ ਦਿਤੇ ਸਟੇਸ਼ਨਾਂ ਤੇ ਜੁਆਇੰਨ ਕਰਾਕੇ ਟੀ.ਐਸ.ਯੂ.ਜੱਥੇਬੰਦੀ ਵੱਲੋਂ ਸਾਰੇ ਸਾਥੀਆਂ ਨੂੰ ਮੁਬਾਰਕਾਂ ਦਿੱਤੀਆਂ।

# ਸ਼੍ਰੋਮਣੀ ਅਕਾਲੀ ਦਲ ਸਰਕਾਰ ਦੀ ਹਰ ਵਧੀਕੀ ਅਤੇ ਧੱਕੇਸ਼ਾਹੀ ਦਾ ਮੂੰਹ-ਤੋੜ ਜਵਾਬ ਦੇਵੇਗਾ : ਤਲਵਾੜ, ਲਾਲੀ ਬਾਜਵਾ

**ਹੁਸ਼ਿਆਰਪੁਰ 15 ਮਈ ( ਤਰਸੇਮ ਦੀਵਾਨਾ )** – ਪੰਜਾਬ ਵਿੱਚ ਲੋਕਾਂ ਦਾ ਵਿਸ਼ਵਾਸ ਗੁਆ ਚੁੱਕੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਆਪਣੀ ਸਾਖ ਬਚਾਉਣ ਲਈ ਨਗਰ ਨਿਗਮ ਚੋਣਾਂ ਲੋਕਤਾਂਤ੍ਰਿਕ ਢੰਗ ਨਾਲ ਲੜਨ ਦੀ ਬਜਾਏ ਧੱਕੇਸ਼ਾਹੀ ਨਾਲ "ਲੁੱਟਣ" ਦੀ ਤਿਆਰੀ ਕਰ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਰਾਜ ਸਭਾ ਮੈਂਬਰ ਨੇ ਹੁਸ਼ਿਆਰਪੁਰ ਨਗਰ ਨਿਗਮ ਚੋਣਾਂ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਸੰਭਾਵੀ ਉਮੀਦਵਾਰਾਂ ਦੀ ਇੱਕ ਅਹਿਮ ਬੈਠਕ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਇਹ ਸੂਬੇ ਦੀ ਪਹਿਲੀ ਅਜਿਹੀ ਸਰਕਾਰ ਹੈ ਜਿਸ ਨੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਸ਼ਰੇਆਮ ਘਾਣ ਕੀਤਾ ਹੈ। ਬੈਠਕ ਦੀ ਪ੍ਰਧਾਨਗੀ ਕਰ ਰਹੇ ਜ਼ਿਲ੍ਹਾ



ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਦੀ ਹਰ ਵਧੀਕੀ ਅਤੇ ਧੱਕੇਸ਼ਾਹੀ ਦਾ ਮੂੰਹ-ਤੋੜ ਜਵਾਬ ਦੇਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਨੂੰ ਬੁਰੀ ਤਰ੍ਹਾਂ ਨਕਾਰ ਦੇਣਗੇ। ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਸੰਭਾਵੀ ਉਮੀਦਵਾਰਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਵਰਕਰਾਂ ਦਾ ਹੌਸਲਾ ਹੀ ਜਿੱਤ ਦੀ ਪਹਿਲੀ ਪੌੜੀ ਹੁੰਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਹਰ ਉਮੀਦਵਾਰ ਘਰ-ਘਰ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਸਮੁੱਚੀ ਲੀਡਰਸ਼ਿਪ ਇੱਕਜੁੱਟ ਹੋ ਕੇ ਚੋਣ ਮੈਦਾਨ ਵਿੱਚ ਉਤਰੇਗੀ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਬੁਲੰਦ ਹੋਣਾ ਯਕੀਨੀ ਬਣੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ ਔਜਲਾ (ਜ਼ਿਲ੍ਹਾ ਪ੍ਰਧਾਨ, ਵਪਾਰ ਸੈੱਲ), ਵਰਿੰਦਰ ਸਿੰਘ ਪਰਮਾਰ (ਜ਼ਿਲ੍ਹਾ ਜਨਰਲ ਸਕੱਤਰ), ਨੀਤੀ ਤਲਵਾੜ, ਸੰਜੀਵ ਥਾਪਰ, ਲਵਲੀ ਪਹਿਲਵਾਨ ਅਤੇ ਵੇਦ ਪ੍ਰਕਾਸ਼ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

# ਪ੍ਰਿੰ. ਦੇਸ਼ ਬੀਰ ਦੀ ਚੌਥੀ ਪੁਸਤਕ 'ਹੋਂਦ ਦੀ ਪ੍ਰਿਜ਼ਮ' ਲੋਕ ਅਰਪਨ



**ਹੁਸ਼ਿਆਰਪੁਰ ( ):** ਗੌਰਮਿੰਟ ਕਾਲਜ ਰੀਟਾਇਰਡ ਟੀਚਰਜ਼ ਵੈਲਫੇਅਰ ਐਸੋਸੀਏਸ਼ਨ ਦੀ ਸਥਾਨਕ ਇਕਾਈ ਵੱਲੋਂ ਬੀਤੇ ਦਿਨੀਂ ਆਪਣੀ ਸਮਾਗਮ-ਨੁਮਾ ਮਾਸਿਕ ਇਕੱਤ੍ਰਤਾ ਵਿਚ ਪ੍ਰਿੰ. ਦੇਸ਼ ਬੀਰ ਦੀ ਚੌਥੀ ਪੁਸਤਕ 'ਹੋਂਦ ਦੀ ਪ੍ਰਿਜ਼ਮ' ਨੂੰ ਮੈਂਬਰਾਂ ਤੇ ਅਹੁਦੇਦਾਰਾਂ ਦੇ ਬੇਹੱਦ ਉਤਸ਼ਾਹ ਅਤੇ ਭਰਪੂਰ ਸ਼ਮੂਲੀਅਤ ਦੌਰਾਨ ਲੋਕ ਅਰਪਨ ਕੀਤਾ ਗਿਆ। ਪ੍ਰਿੰ. ਦੇਸ਼ ਬੀਰ ਨੇ ਦੱਸਿਆ ਕਿ ਇਸ ਪੁਸਤਕ ਵਿਚ ਸ਼ਾਮਿਲ ਨਿਬੰਧ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖੇ ਗਏ ਸਨ ਜੋ ਸਮੇਂ ਸਮੇਂ ਪ੍ਰਮੁੱਖ ਅਖਬਾਰਾਂ ਵਿਚ ਮਿਡਲ ਵਜੋਂ ਜਾਂ ਨੁਮਾਇਆ ਸਥਾਨ 'ਤੇ ਛਪਦੇ ਰਹੇ ਹਨ ਅਤੇ ਪਾਠਕਾਂ ਵਲੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਦਾ ਰਿਹਾ ਹੈ। ਇਨ੍ਹਾਂ ਨਿਬੰਧਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦੀ ਕਠਿਨ ਪਰ ਅਹਿਮ ਜ਼ਿੰਮੇਵਾਰੀ ਨੂੰ ਪ੍ਰਿੰ.ਰਜਿੰਦਰ ਕੌਰ (ਸਾਬਕਾ ਪ੍ਰਿੰਸੀਪਲ ਸਰਕਾਰੀ ਕਾਲਜ ਟਾਂਡਾ)ਨੇ ਬੜੀ ਕਾਬਲੀਅਤ ਨਾਲ ਅੰਜਾਮ ਦਿੱਤਾ ਹੈ। ਪ੍ਰਿੰ. ਦੇਸ਼ ਬੀਰ ਨੇ ਪੁਸਤਕ ਵਿਚਲੇ ਨਿਬੰਧਾਂ ਦੀ ਸਿਰਜਨ ਪ੍ਰਕਿਰਿਆ ਨੂੰ ਬੇਹੱਦ ਭਾਵੁਕ ਸੁਰ ਵਿਚ ਦਰਸਾਉਂਦਿਆਂ ਉਨ੍ਹਾਂ ਅੰਦਰਲੇ ਸੱਚ, ਵਿਵੇਕ ਅਤੇ ਕਲਾਤਮਿਕਤਾ ਦੇ ਸੁਮੇਲ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪੁਸਤਕ ਦੇ ਸਮਾਜਿਕ, ਆਰਥਿਕ, ਸੱਭਿਆਚਾਰਕ, ਨੈਤਿਕ ਆਦਿ ਸਰੋਕਾਰਾਂ ਨਾਲ ਜੁੜਦੇ ਰਿਸ਼ਤੇ ਦੀ ਸਾਰਥਿਕਤਾ ਨੂੰ ਵੀ ਉਘਾੜਿਆ। ਉਨ੍ਹਾਂ ਕਿਹਾ ਕਿ ਇਹ ਪੁਸਤਕ ਸਮਾਜ ਸਾਹਵੇਂ ਸਾਡੀਆਂ ਸਮਾਜਿਕ,ਆਰਥਿਕ, ਸੱਭਿਆਚਾਰਕ ਹਾਲਤਾਂ ਦਾ ਦਰਪਨ ਪ੍ਰਸਤੁਤ ਕਰਨ ਦਾ ਜ਼ਾਮਨ ਬਣ ਸਕਦੀ ਹੈ ਅਤੇ ਰਾਹ ਦਸੇਰੇ ਵਜੋਂ ਅਹਿਮ ਦਸਤਾਵੇਜ਼ ਹੋਣ ਦਾ ਦਮ ਭਰ ਸਕਦੀ ਹੈ। ਪ੍ਰਿੰ. ਦੇਸ਼ ਬੀਰ ਨੇ ਨਿਬੰਧਾਂ ਦਾ ਪੰਜਾਬੀ ਵਿੱਚ ਸਫਲਤਾ ਪੂਰਵਕ ਤੇ ਮਿਆਰੀ ਅਨੁਵਾਦ ਕਰਨ ਲਈ ਪ੍ਰਿੰ. ਰਜਿੰਦਰ ਕੌਰ ਦਾ ਅਤੇ ਪੁਸਤਕ ਦੀ ਤਿਆਰੀ ਲਈ ਪ੍ਰਿੰ.ਪਰਮਜੀਤ ਸਿੰਘ ਦਾ ਸ਼ੁਕਰੀਆ ਅਦਾ ਕੀਤਾ।

ਪ੍ਰਸਿੱਧ ਕਵੀ, ਵਿਦਵਾਨ ਅਤੇ ਆਲੋਚਕ ਮਦਨ ਵੀਰਾ ਨੇ ਪੁਸਤਕ ਦੀ ਪੜ੍ਹਤ ਬਾਰੇ, ਪੁਸਤਕ ਦੇ ਸਿਰਲੇਖ ਦੀਆਂ ਵਿਭਿੰਨ ਪਰਤਾਂ ਬਾਰੇ, ਪੁਸਤਕ ਵਿਚ ਸ਼ਾਮਿਲ ਨਿਬੰਧਾਂ ਦੇ ਥੀਮਕ ਸਰੋਕਾਰਾਂ ਬਾਰੇ, ਲੇਖਕ ਦੀ ਵਾਰਤਕ ਕਲਾ ਬਾਰੇ ਤੇ ਨਿਬੰਧਾਂ ਦੇ ਰਚਨਾ ਵਿਧਾਨ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਪ੍ਰਿੰ.ਰਜਿੰਦਰ ਕੌਰ ਨੇ ਪੁਸਤਕ ਵਿਚ ਸ਼ਾਮਿਲ ਨਿਬੰਧਾਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦੇ ਆਪਣੇ ਦਿਲਚਸਪ ਅਮਲ ਦੇ ਤਜਰਬਿਆਂ ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ। ਉਨ੍ਹਾਂ ਕਿਹਾ ਕਿ ਅਨੁਵਾਦ ਕਾਰਜ ਨੂੰ ਮੈਂ ਮੌਲਿਕ ਰਚਨਾ ਕਰ ਰਹੀ ਹੋਣ ਦੇ ਅਰਥਾਂ ਵਿਚ ਤਸੱਵਰ ਕਰਦੀ ਰਹੀ ਹਾਂ ਤੇ ਇਸ ਕੰਮ ਵਿਚੋਂ ਮੈਂ ਬਹੁਤ ਕੁਝ ਸਿੱਖਿਆ ਵੀ ਹੈ ਤੇ ਇਸਨੂੰ ਮਾਣਿਆ ਵੀ ਹੈ।

ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ 'ਹੋਂਦ ਦੀ ਪ੍ਰਿਜ਼ਮ' ਪੁਸਤਕ ਵਿਚਲੇ ਨਿਬੰਧਾਂ ਵਿਚਲੇ ਰਚਨਾ ਸੰਸਾਰ ਬਾਰੇ, ਨਿਬੰਧਾਂ ਦੇ ਥੀਮਕ ਪੈਟਰਨਾਂ ਨਾਲ ਜੁੜਦੇ ਕੁਝ ਪਹਿਲੂਆਂ ਬਾਰੇ, ਉਨ੍ਹਾਂ ਦੀ ਬਹੁ ਪਰਤੀ ਪ੍ਰਸੰਗਿਕਤਾ ਬਾਰੇ, ਉਨ੍ਹਾਂ ਦੇ ਸੁਝਾਊਪੂਰਵਕ ਤੇ ਪ੍ਰੇਰਨਾਦਾਇਕ ਹੋਣ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਡਾ.ਪ੍ਰਿਤਪਾਲ ਸਿੰਘ ਮਹਿਰੋਕ ਨੇ ਨਿਬੰਧਾਂ ਦੀ ਰਚਨਾਤਮਿਕ ਵਿਉਂਤ ਬਾਰੇ, ਉਨ੍ਹਾਂ ਵਿਚਲੀ ਬੌਧਿਕ ਪਰਪੱਕਤਾ ਬਾਰੇ ਤੇ ਲੇਖਕ ਦੀ ਵਾਰਤਕ ਸ਼ੈਲੀ ਦੀ ਵਿਲੱਖਣਤਾ ਬਾਰੇ ਵੀ ਵਿਚਾਰ ਪ੍ਰਸਤੁਤ ਕੀਤੇ। ਉਸਨੇ ਕਿਹਾ ਕਿ ਹੁਣ ਜਦੋਂ ਕਿ ਸਮਾਜ ਸਾਹਵੇਂ ਅਨੇਕ ਚੁਣੌਤੀਆਂ ਹਨ ਤੇ ਮਨੁੱਖ ਨਿੱਤ ਨਵੀਆਂ ਉਲਝਣਾਂ ਵਿਚ ਘਿਰਦਾ ਜਾ ਰਿਹਾ ਹੈ ਤਾਂ ਅਜਿਹੇ ਮੌਕੇ 'ਤੇ ਅਜਿਹੀ ਪੁਸਤਕ ਦੀ ਰਚਨਾਕਾਰੀ ਤੇ ਉਸਨੂੰ ਪੜ੍ਹਨ ਦਾ ਅਮਲ ਮਨ ਨੂੰ ਧਰਵਾਸ ਦੇਣ ਤੇ ਸਕੂਨ ਹਾਸਿਲ ਕਰਨ ਦਾ ਕੰਮ ਕਰ ਸਕਦਾ ਹੈ। ਪੁਸਤਕ ਵਿਚ ਸ਼ਾਮਿਲ 68 ਨਿਬੰਧ ਵਿਸ਼ੇ ਅਤੇ ਰੂਪਗਤ ਅਨੁਸ਼ਾਸਨ ਵਿਚ ਉਸਰਦੇ ਹਨ ਤੇ ਪਾਠਕ ਦੇ ਮਨ ਮਨਸਕ 'ਤੇ ਮਹੱਤਵਪੂਰਨ ਸੁਨੇਹੇ ਸਮੇਤ ਦਸਤਕ ਦਿੰਦੇ ਹਨ। ਪ੍ਰਿੰ.ਐੱਸ.ਪੀ.ਧੀਰ ਨੇ ਪ੍ਰਿੰ.ਦੇਸ਼ ਬੀਰ ਦੀ ਪੰਜਾਬੀ ਵਿੱਚ ਰਚੀ ਪਹਿਲੀ ਪੁਸਤਕ ਦਾ ਕੁਝ ਭਾਗ ਪੜ੍ਹਨ ਤੇ ਉਸ ਵਿਚ ਬਣੀ ਆਪਣੀ ਦਿਲਚਸਪੀ ਦਾ ਜ਼ਿਕਰ ਕਰਦਿਆਂ ਲੇਖਕ ਨੂੰ ਮੁਬਾਰਕਬਾਦ ਭੇਂਟ ਕੀਤੀ। ਐਸੋਸੀਏਸ਼ਨ ਵਲੋਂ ਪ੍ਰਿੰ.ਰਜਿੰਦਰ ਕੌਰ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦਾ ਸੰਚਾਲਨ ਡਾ.ਬਲਬੀਰ ਸਿੰਘ ਨੇ ਕੀਤਾ। ਸਮਾਗਮ ਵਿਚ ਪ੍ਰਿੰ. ਡੀ.ਐਸ.ਮਾਣਕੂ, ਡਾ.ਅਜੀਤ ਸਿੰਘ ਜੱਬਲ, ਪ੍ਰੋ.ਜਗਜੀਤ ਬਾਜਵਾ, ਪ੍ਰੋ.ਕੇ.ਕੋਹਲੀ, ਪ੍ਰਿੰ.ਐਨ.ਡੀ.ਭਾਟੀਆ, ਡਾ.ਜਸਪਾਲ, ਪ੍ਰੋ.ਰਾਕੇਸ਼ ਕਟਿਆਲ, ਪ੍ਰਿੰ.ਯੋਗੇਸ਼, ਡਾ.ਜਸਵਿੰਦਰ ਕੌਰ, ਪ੍ਰੋ.ਬ.ਸ.ਜਗਦੇਵ ਆਦਿ ਹਾਜ਼ਰ ਸਨ। ਐਸੋਸੀਏਸ਼ਨ ਦੇ ਮੈਂਬਰਾਂ ਤੇ ਅਹੁਦੇਦਾਰਾਂ ਵੱਲੋਂ ਪੁਸਤਕ ਦਾ ਭਰਪੂਰ ਸਵਾਗਤ ਕੀਤਾ ਗਿਆ। ਡਾ.ਪ੍ਰਵੀਨ ਰਾਣਾ ਨੇ ਧੰਨਵਾਦ ਦੇ ਸ਼ਬਦ ਕਹੇ। ਵੱਖਰੀ ਤਰਜ਼ 'ਤੇ ਰਚਿਆ ਤੇ ਲੀਹੋਂ ਹਟ ਕੇ ਆਯੋਜਿਤ ਕੀਤਾ ਗਿਆ ਇਹ ਸਮਾਗਮ ਚਿਰ ਸਥਾਈ ਪ੍ਰਭਾਵ ਛੱਡ ਗਿਆ।

# ਸਟਾਰਮਰ ਦੀ ਡਿੱਗਦੀ ਕੁਰਸੀ, ਕਾਰਨੀ ਦੀ ਮਜ਼ਬੂਤੀ, ਤੇ ਟਰੰਪ ਨਾਲ ਠੰਢੇ ਰਿਸ਼ਤੇ




ਮਈ 2026 ਵਿੱਚ ਬ੍ਰਿਟੇਨ ਤੇ ਕੈਨੇਡਾ ਦੋਵੇਂ ਦੇ ਪ੍ਰਧਾਨ ਮੰਤਰੀ ਅਮਰੀਕੀ ਦਬਾਅ ਦਾ ਸਾਹਮਣਾ ਕਰ ਰਹੇ ਹਨ, ਪਰ ਦੋਵੇਂ ਦੀ ਸਿਆਸੀ ਹਾਲਤ ਇਕੋ ਜਿਹੀ ਨਹੀਂ। ਕਿਰ ਸਟਾਰਮਰ ਘਰੇਲੂ ਬਗਾਵਤ, ਡਿੱਗਦੀ ਲੋਕਪ੍ਰਿਯਤਾ ਅਤੇ ਡੋਨਲਡ ਟਰੰਪ ਨਾਲ ਟਕਰਾਅ ਵਿਚ ਘਿਰੇ ਹੋਏ ਹਨ, ਜਦਕਿ ਮਾਰਕ ਕਾਰਨੀ ਆਪਣੇ ਆਪ ਨੂੰ ਸ਼ਖ਼ਤੀਸ਼ਾਲੀ, ਸੰਤੁਲਿਤ ਅਤੇ ਦਬਾਅ ਅੱਗੇ ਨਾ ਝੁਕਣ ਵਾਲੇ ਨੇਤਾ ਵਜੋਂ ਪੇਸ਼ ਕਰ ਰਹੇ ਹਨ।

ਇਹ ਕਹਾਣੀ ਸਿਰਫ਼ ਦੋ ਨੇਤਾਵਾਂ ਦੀ ਨਹੀਂ। ਇਹ ਪੱਛਮੀ ਗਠਜੋੜ ਦੇ ਬਦਲਦੇ ਰੁਖ ਦੀ ਵੀ ਕਹਾਣੀ ਹੈ, ਜਿੱਥੇ ਵਾਸ਼ਿੰਗਟਨ ਨਾਲ ਨੇੜਤਾ ਹੁਣ ਪਹਿਲਾਂ ਵਰਗੀ ਸੌਖੀ ਚੀਜ਼ ਨਹੀਂ ਰਹੀ।

ਲੇਬਰ ਪਾਰਟੀ ਅੰਦਰ ਸਟਾਰਮਰ ਖ਼ਿਲਾਫ਼ ਦਬਾਅ ਹੁਣ ਫੁਸਫੁਸਾਹਟ ਨਹੀਂ ਰਿਹਾ। 92 ਐਮਪੀਸ ਦੇ ਦਬਾਅ ਦੀ ਗੱਲ ਖੁੱਲ੍ਹੇਆਮ ਚੱਲ ਰਹੀ ਹੈ, ਤੇ ਸੰਭਾਵਿਤ ਬਗਾਵਤ ਦੇ ਨਾਂ ਵੀ ਸਾਹਮਣੇ ਆ ਰਹੇ ਹਨ। ਅਲ ਕਾਰਨਸ ਦਾ ਨਾਮ ਵੀ ਸੰਭਾਵੀ ਉਤਰਾਧਿਕਾਰੀ ਵਜੋਂ ਚਰਚਾ ਵਿੱਚ ਹੈ, ਜਦਕਿ ਵੇਸ ਸਟਰੀਟਿੰਗ ਵਰਗੇ ਚਿਹਰੇ ਵੀ ਇਸ ਅੰਦਰੂਨੀ ਹਲਚਲ ਦਾ ਹਿੱਸਾ ਬਣੇ ਹੋਏ ਹਨ।

ਇਸ ਮਾਹੌਲ ਵਿੱਚ ਅਸਤੀਫੇ ਨੇ ਸਟਾਰਮਰ ਦੇ ਦਫ਼ਤਰ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ। ਹੁਣ ਸਵਾਲ ਇਹ ਨਹੀਂ ਕਿ ਬਗਾਵਤ ਹੋ ਸਕਦੀ ਹੈ ਜਾਂ ਨਹੀਂ, ਸਵਾਲ ਇਹ ਹੈ ਕਿ ਉਹ ਕਦੋਂ ਖੁੱਲ੍ਹੇ ਰੂਪ ਵਿੱਚ ਸਾਹਮਣੇ ਆਵੇਗੀ।

ਜਨਤਕ ਰਾਏ ਨੇ ਸਟਾਰਮਰ ਦੀ ਸਿਆਸੀ ਜ਼ਮੀਨ ਹਿਲਾ ਦਿੱਤੀ ਹੈ।ਿਘੋਵ ਦੇ ਜਨਵਰੀ 2026 ਸਰਵੇਖਣ ਵਿੱਚ ਲੇਬਰ ਸਿਰਫ਼ 17% 'ਤੇ ਦਿਖੀ, ਜਦਕਿ੍ਰਡੋਰਮ੍ੂਖ 31% ਤੱਕ ਚਲੀ ਗਈ। ਇਹ ਸਿਰਫ਼ ਘੱਟ ਸਮਰਥਨ ਨਹੀਂ, ਸਗੋਂ ਵੋਟਰਾਂ ਦੀ ਖੁੱਲ੍ਹੀ ਸਜ਼ਾ ਹੈ।

ਮਈ ਦੀਆਂ ਆਮ ਚੋਣਾ ਨੇ ਇਸ ਗਿਰਾਵਟ ਨੂੰ ਹੋਰ ਪੱਕਾ ਕਰ ਦਿੱਤਾ। ਲੇਬਰ ਨੇ ਸੈਂਕੜੇ ਕੌਂਸਲ ਸੀਟਾਂ ਗੁਆਈਆਂ, ਇੱਥੋਂ ਤੱਕ ਕਿ ਉੱਤਰੀ ਇਲਾਕਿਆਂ ਵਿੱਚ ਵੀ ਜਿੱਥੇ ਕਦੇ ਉਸਦੀ ਜੜ੍ਹ ਮਜ਼ਬੂਤ ਸੀ।

ਇਸ ਨਾਰਾਜ਼ਗੀ ਦੇ ਪਿੱਛੇ ਇੱਕ ਨਹੀਂ, ਕਈ ਕਾਰਨ ਹਨ, (ੰਨਟਏਰ ਡੁਇਲ ਚੁਟਸ) ਵਿੰਟਰ ਫਿਊਲ ਦੀ ਕਟੌਤੀ ਨੇ ਗੁੱਸਾ ਵਧਾਇਆ, ਕਾਰੋਬਾਰੀ ਟੈਕਸ ਦਾ ਦਬਾਅ (ਬੁਸਿਨਏਸਸ ਟਓਣ ਪਰਏਸਸੁਰਏ) ਨੇ ਉਦਯੋਗ ਨੂੰ ਚਿੜ੍ਹਾਇਆ, (ਡਓਰਮਿਨਗ ਬਓਚਕਲਓਸਹ) ਖੇਤੀ ਪ੍ਰਤੀਕਿਰਿਆ ਨੇ ਪਿੰਡਾਂ ਵਿੱਚ ਰੋਸ ਭਰਿਆ, ਤੇ ਰਹਿਣ-ਸਹਿਣ ਦੀ ਲਾਗਤ ਦਾ ਸੰਕਟ ਨੇ ਹਰ ਘਰ ਨੂੰ ਚੋਟ ਮਾਰੀ। ਮਈ 2026 ਵਿੱਚ ਆਈ 0.6% ਜੀਡੀਪੀ ਵਾਧਾ ਵੀ ਇਸ ਸੱਚ ਨੂੰ ਨਹੀਂ ਲੁਕਾ ਸਕੀ ਕਿ ਮਹਿੰਗਾਈ, ਊਰਜਾ ਬਿੱਲ ਅਤੇ ਈਰਾਨ ਯੁੱਧ ਤੋਂ ਬਾਅਦ ਉੱਚੇ ਹੋਏ ਵਿਆਜ ਦਰਾਂ ਨੇ ਲੋਕਾਂ ਦਾ ਭਰੋਸਾ ਖੋਹ ਲਿਆ ਹੈ।

ਹੁਣ ਮੁੱਦਾ ਸਿਰਫ਼ ਨੀਤੀਆਂ ਦਾ ਨਹੀਂ ਰਿਹਾ। ਕੈਬਨਿਟ ਅਸਤੀਫੇ ਦੀ ਚਰਚਾ, ਵੀ ਸਾਰੇ ਪਾਰਲੀਮੈਂਟ ਵਿਚੋਂ ਆਉਣ ਲੱਗ ਪਈ ਹੈ ਅਤੇ ਉਸ ਨੂੰ ਸਵਾਲ ਕੀਤੇ ਜਾ ਰਹੇ ਹਨ ਕਿ ਉਹ ਕਿਸ ਦਿਨ ਕੁਰਸੀ ਛੱਡ ਰਵਾਨਾ ਹੋਵੇਗਾ ਜਿਹਨਾਂ ਨੇ ਸਵਾਲਾਂ ਨੇ ਸਟਾਰਮਰ ਦੇ ਅਧਿਕਾਰ ਨੂੰ ਘਟਾ ਦਿੱਤਾ ਹੈ। ਜਦੋਂ ਆਪਣੇ ਹੀ ਸੰਸਦ ਮੈਂਬਰ ਨੇਤਾ ਦੇ ਭਵਿੱਖ ਬਾਰੇ ਖੁੱਲ੍ਹੀ ਗੱਲ ਕਰਨ ਲੱਗਣ, ਤਾਂ ਸਮਝ ਆ ਜਾਂਦੀ ਹੈ ਕਿ ਸਮੱਸਿਆ ਗੰਭੀਰ ਹੈ।

ਲੇਬਰ ਦੇ ਕੁਝ ਅੰਦਰੂਨੀ ਲੋਕ ਉਨ੍ਹਾਂ ਨੂੰ ਉਵੇਂ ਹੀ ਘੇਰ ਰਹੇ ਹਨ ਜਿਵੇਂ 2024 ਵਿੱਚ ਜੋਅ ਬਾਇਡਨ ਨੂੰ ਅਹੁਦਾ ਛੱਡਣ ਲਈ ਦਬਾਇਆ ਗਿਆ ਸੀ। ਇਹ ਤੁਲਨਾ ਸਟਾਰਮਰ ਲਈ ਚੰਗੀ ਨਹੀਂ। ਇਸ ਦਾ ਮਤਲਬ ਹੈ ਕਿ ਪਾਰਟੀ ਦੇ ਅੰਦਰ ਹੀ ਇਹ ਡਰ ਪੈਦਾ ਹੋ ਚੁੱਕਾ ਹੈ ਕਿ ਉਹ ਅਗਲੀ ਚੋਣ ਤੱਕ ਮੋਮੈਂਟਮ ਨਹੀਂ ਬਚਾ ਸਕਣਗੇ।

ਬ੍ਰਿਟੇਨ ਤੇ ਅਮਰੀਕਾ ਦਾ ਰਿਸ਼ਤਾ ਕਾਗਜ਼ਾਂ 'ਤੇ ਅਜੇ ਵੀ ਖ਼ਾਸ ਹੈ, ਪਰ ਹਕੀਕਤ ਵਿੱਚ ਇਹ ਰਿਸ਼ਤਾ ਦਹਾਕਿਆਂ ਦੇ ਹੇਠਲੇ ਪੱਧਰ 'ਤੇ ਦਿਖਦਾ ਹੈ। ਟੈਰਿਫ ਸੌਦਾ ਖ਼ਤਰੇ ਵਿੱਚ ਹੈ, ਤੇ ਟਰੰਪ ਨੇ 2025 ਵਾਲੇ ਟਅਰਿਾ-ਰਏਦੁਚਟੋਿਨ ਅਰਰਅਨਗਏਮਏਨਟ ਨੂੰ ਰੱਦ ਕਰਨ ਦੀ ਧਮਕੀ ਦਿੱਤੀ ਜਦੋਂ ਸਟਾਰਮਰ ਨੇ ਇਰਾਨ ਜੰਗ ਲਈ ਤੁਰੰਤ ਫੌਜੀ ਸਹਾਇਤਾ ਨਹੀਂ ਦਿੱਤੀ।

ਸਟਾਰਮਰ ਦੀ "ਇਹ ਸਾਡੀ ਜੰਗ ਨਹੀਂ" ਵਾਲੀ ਲਾਈਨ ਨੇ ਉਨ੍ਹਾਂ ਨੂੰ ਘਰੇਲੂ ਤੌਰ 'ਤੇ ਸੁਤੰਤਰ ਦਿਖਾਇਆ, ਪਰ ਵਾਈਟ ਹਾਊਸ ਨਾਲ ਟਕਰਾਅ ਹੋਰ ਤਿੱਖਾ ਹੋ ਗਿਆ। ਡਿਏਗੋ ਗਾਰਸੀਆ ਤੇ ਬ੍ਰਿਟਿਸ਼ ਅੱਡਿਆਂ ਤੱਕ ਪਹੁੰਚ ਵਾਲਾ ਮਸਲਾ ਵੀ ਇਸੇ ਟਕਰਾਅ ਦਾ ਹਿੱਸਾ ਬਣ ਗਿਆ।

2025 ਦਾ ਟੈਰਿਫ ਪ੍ਰਬੰਧ ਹੁਣ ਰਾਹਤ ਨਹੀਂ, ਦਬਾਅ ਦਾ ਸਾਧਨ ਲੱਗਣ ਲੱਗਿਆ ਹੈ। ਟਰੰਪ ਦੀਆਂ ਧਮਕੀਆਂ ਨੇ ਇਹ ਸੰਦੇਸ਼ ਦਿੱਤਾ ਕਿ ਵਪਾਰਕ ਸੌਦਾ ਵੀ ਰਾਜਨੀਤਿਕ ਨਰਮੀ ਦੀ ਕੀਮਤ 'ਤੇ ਮਿਲੇਗਾ।

ਸਟਾਰਮਰ ਨੇ ਇਸ ਮੌਕੇ 'ਤੇ ਆਰਥਿਕ ਧੱਕੇਸ਼ਾਹੀ ਮੰਨਣ ਤੋਂ ਇਨਕਾਰ ਕੀਤਾ। ਪਰ ਇਸ ਇਨਕਾਰ ਦੀ ਕੀਮਤ ਵਾਈਟ ਹਾਊਸ ਨਾਲ ਹੋਰ ਖਰਾਬ ਹੋਏ ਰਿਸ਼ਤੇ ਦੇ ਰੂਪ ਵਿੱਚ ਆਈ। ਇਹ ਮਾਮਲਾ ਹੁਣ ਸਿਰਫ਼ ਕੂਟਨੀਤੀ ਦਾ ਨਹੀਂ, ਘਰੇਲੂ ਸਿਆਸਤ ਦਾ ਵੀ ਹਿੱਸਾ ਬਣ ਚੁੱਕਾ ਹੈ।

ਇਰਾਨ ਜੰਗ ਨੇ ਹਾਲਾਤ ਹੋਰ ਮੁਸ਼ਕਲ ਕਰ ਦਿੱਤੇ ਹਨ। ਹੋਰਮੁਜ਼ ਜਲਡਮਰੂ ਰਾਹੀਂ ਤੇਲ ਦੀ ਆਵਾਜਾਈ, ਖੇਤਰੀ ਸੁਰੱਖਿਆ ਅਤੇ ਅਮਰੀਕੀ ਉਮੀਦਾਂ ਨੇ ਲੰਡਨ ਲਈ ਇੱਕ ਤੰਗ ਰਾਹ ਛੱਡਿਆ ਹੈ। ਬ੍ਰਿਟੇਨ ਨੇ ਡਰੋਨ ਤੇ ਮਿਜ਼ਾਈਲ ਹਮਲਿਆਂ ਦੇ ਜਵਾਬ ਵਿੱਚ ਰੱਖਿਆਤਮਕ ਭੂਮਿਕਾ ਤਾਂ ਨਿਭਾਈ, ਪਰ ਖੁੱਲ੍ਹੀ ਜੰਗੀ ਭਾਗੀਦਾਰੀ ਨਹੀਂ ਲਈ।

ਇਸ ਨਾਲ ਸਟਾਰਮਰ ਦੀ ਸਵੈਤੰਤਰਤਾ ਤਾਂ ਦਿਖੀ, ਪਰ ਟਰੰਪ ਨਾਲ ਖਾਈ ਹੋਰ ਵੱਡੀ ਹੋ ਗਈ। ਇੱਕ ਪਾਸੇ ਸੁਰੱਖਿਆ ਸਹਿਯੋਗ ਹੈ, ਦੂਜੇ ਪਾਸੇ ਅਸਹਿਮਤੀ ਹੈ। ਦੋਵੇਂ ਇਕੱਠੇ ਰਹਿ ਸਕਦੇ ਹਨ, ਪਰ ਆਸਾਨੀ ਨਾਲ ਨਹੀਂ।

ਮਾਰਕ ਕਾਰਨੀ ਕਿਵੇਂ ਟਰੰਪ ਦੇ ਸਾਹਮਣੇ ਸਖ਼ਤ ਰਹਿੰਦਿਆਂ ਵੀ ਸੱਤਾ ਵਿੱਚ ਟਿਕੇ ਹੋਏ ਹਨ

ਕਾਰਨੀ ਦੀ ਸਿਆਸੀ ਤਸਵੀਰ ਸਟਾਰਮਰ ਤੋਂ ਬਿਲਕੁਲ ਵੱਖਰੀ ਹੈ। ਉਹ ਟਰੰਪ ਵਿਰੋਧੀ ਭਾਸ਼ਾ ਦੀ ਵਰਤੋਂ ਕਰਦੇ ਹਨ, ਪਰ ਉਸ ਨੂੰ ਉਚੇਚੀ ਨਹੀਂ ਬਣਾਉਂਦੇ। ਉਨ੍ਹਾਂ ਦੀ ਲਾਈਨ ਸਧਾਰਨ ਹੈ, ਕੈਨੇਡਾ ਵਿਕਰੀ ਲਈ ਨਹੀਂ। ਇਹੀ ਸੁਨੇਹਾ ਉਨ੍ਹਾਂ ਨੂੰ ਘਰੇਲੂ ਤੌਰ 'ਤੇ ਮਜ਼ਬੂਤ ਕਰ ਰਿਹਾ ਹੈ।

ਉਹ ਟਕਰਾਅ ਤੋਂ ਨਹੀਂ, ਸਗੋਂ ਨਿਯੰਤਰਿਤ ਦਬਾਅ ਅਤੇ ਸਬਰ ਤੋਂ ਫ਼ਾਇਦਾ ਲੈ ਰਹੇ ਹਨ। ਇਸੇ ਲਈ ਉਨ੍ਹਾਂ ਦੀ ਸਥਿਤੀ ਸਥਿਰ ਦਿਖਦੀ ਹੈ, ਭਾਵੇਂ ਵਿਉਪਾਰਕ ਸੰਧੀ ਅਜੇ ਵੀ ਅਟਕੀ ਹੋਈ ਹੈ।

ਕਾਰਨੀ ਨੇ ਤੁਰੰਤ ਰਾਹਤ ਵਾਲੇ ਸੌਦਿਆਂ ਤੋਂ ਦੂਰ ਰਹਿਣਾ ਚੁਣਿਆ ਹੈ। ਕੁਸਮਾ ਦੀ 1, 2026 ਵਾਲੀ ਸਮੀਖਿਆ ਦੀ ਆਖਰੀ ਮਿਤੀ ਉਸਦੀ ਰਣਨੀਤੀ ਲਈ ਮਹੱਤਵਪੂਰਨ ਹੈ, ਕਿਉਂਕਿ ਉਹ ਅਮਰੀਕੀ ਟੈਰਿਫ ਹਟਾਏ ਬਿਨਾਂ ਕਿਸੇ ਵੀ ਤਰ੍ਹਾ ਦੀ ਸੰਧੀ ਨਹੀਂ ਕਰਨਾ ਚਾਹੁੰਦਾ।

ਟਰਾਂਟੋ ਕਾਨਫਰੰਸ ਵਿੱਚ ਵੀ ਇਹੀ ਸੁਨੇਹਾ ਦਿੱਤਾ ਗਿਆ। ਕੈਨੇਡਾ ਨੇ ਵਾਸ਼ਿੰਗਟਨ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕੀਤਾ, ਪਰ ਦਰਵਾਜ਼ਾ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ। ਇਹ ਗੱਲ ਕਾਰਨੀ ਨੂੰ ਕਮਜ਼ੋਰ ਨਹੀਂ, ਸਗੋਂ ਸਲੀਕੇ ਨਾਲ ਅਡਿੱਗ ਦਿਖਾਉਂਦੀ ਹੈ।

ਕਾਰਨੀ ਕੈਨੇਡਾ ਨੂੰ ਅਮਰੀਕਾ ਦੀ ਛਾਂ ਤੋਂ ਹੌਲੀ-ਹੌਲੀ ਬਾਹਰ ਲਿਆ ਰਹੇ ਹਨ। ਚਾਇਨਾ ਨਾਲ ਜਨਵਰੀ ਦਾ ਸੌਦਾ,ਫਰਾਂਸ ਅਤੇ ਯੂਕੇ ਨਾਲ ਹੋਰ ਡੂੰਘੀਆਂ ਵਪਾਰਕ ਗੱਲਾਂ, ਤੇ ਇੰਡੋ-ਪੈਸੀਫਿਕ ਦੇ ਸਾਥੀਆਂ ਨਾਲ ਸੰਪਰਕ, ਇਹ ਸਭ ਵਿਭਿੰਨਤਾ ਦੀ ਰਣਨੀਤੀ ਦਾ ਹਿੱਸਾ ਹਨ।

ਉਹ ਕੈਨੇਡਾ ਨੂੰ ਇਕੱਲਾ ਨਹੀਂ, ਸਗੋਂ ਵਿਕਲਪਾਂ ਵਾਲਾ ਦੇਸ਼ ਦਿਖਾ ਰਹੇ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਸਖ਼ਤੀ ਨੂੰ ਘਰੇਲੂ ਤੌਰ 'ਤੇ ਸਿਆਸੀ ਲਾਭ ਮਿਲ ਰਿਹਾ ਹੈ।

ਸਟਾਰਮਰ ਮਾਰਕ ਕਾਰਨੀ ਘਰੇਲੂ ਹਾਲਤ ਪਾਰਟੀ ਅੰਦਰ ਬਗਾਵਤ, ਅਸਤੀਫੇ ਦਾ ਦਬਾ, ਆਲੋਚਨਾ, ਪਰ ਹਾਲੇ ਵੀ ਕੰਟਰੋਲਜਨਤਕ ਮੋਮੈਂਟਮ ਡਿੱਗਦੀ ਪੋਲਿੰਗ, ਰੀਫਾਰਮ ਯੂਕੇ ਦੀ ਚੁਣੌਤੀ ਟਰੰਪ ਵਿਰੋਧੀ ਸਟੈਂਟ ਨਾਲ ਵੋਟਰ ਸਹਿਮਤੀ ਵਾਸ਼ਿੰਗਟਨ ਨਾਲ ਰਿਸ਼ਤਾਠੰਢਾ, ਤਣਾਅਪੂਰਨ, ਵਪਾਰਕ ਖਤਰਾ ਦਏਅਦਲੋਚਕ, ਪਰ ਸਿਆਸੀ ਤੌਰ 'ਤੇ ਪ੍ਰਬੰਧਿਤ ਰਣਨੀਤੀ ਬਚਾਵ ਦੀ ਲੜਾਈ ਸਬਰ, ਦਬਾਅ ਅਤੇ ਵਿਕਲਪੀ ਗਠਜੋੜ

ਇਸ ਤੁਲਨਾ ਤੋਂ ਸਾਫ਼ ਹੈ ਕਿ ਮਸਲਾ ਸਿਰਫ਼ ਨੀਤੀ ਦਾ ਨਹੀਂ। ਸਟਾਰਮਰ ਕੋਲ ਪਾਰਲੀਮੈਂਠ ਦੀ ਚਾਰ ਦੀਵਾਰੀ ਅੰਦਰ ਸਹਿਯੋਗ ਨਾ ਦੇ ਬਰਾਬਰ ਹੈ, ਜਦਕਿ ਕਾਰਨੀ ਬਾਹਰਲੇ ਦਬਾਅ ਨੂੰ ਆਪਣੇ ਹੱਕ ਵਿੱਚ ਬਦਲ ਰਹੇ ਹਨ।

ਸਟਾਰਮਰ ਦੀ ਸੁਰ ਅੰਦਰਲੀ ਲੜਾਈ ਅਤੇ ਕਾਰਨੀ ਦੀ ਹਰ ਪਾਸੇ ਤੋਂ ਸਹਿਯੋਗ ਤੇ ਚਰਚਾ ਪੱਛਮੀ ਸਿਆਸਤ ਦੀ ਨਵੀਂ ਹਕੀਕਤ ਦਿਖਾਉਂਦੀਆਂ ਹਨ। ਇੱਕ ਨੇਤਾ ਆਪਣੇ ਹੀ ਦਲ ਨਾਲ ਲੜ ਰਿਹਾ ਹੈ, ਦੂਜਾ ਬਾਹਰੀ ਦਬਾਅ ਨੂੰ ਸਿਆਸੀ ਫਾਇਦੇ ਵਿੱਚ ਬਦਲ ਰਿਹਾ ਹੈ।

ਅਮਰੀਕਾ ਅਤੇ ਯੂਕੇ ਦੀ ਭਾਈਵਾਲਤਾ ਹੁਣ ਪਹਿਲਾਂ ਵਰਗੀ ਪੱਕੀ ਨਹੀਂ ਰਹੀ। ਕੈਨੇਡਾ ਅਤੇ ਬ੍ਰਿਟੇਨ ਦੋਵੇਂ ਹੌਲੀ-ਹੌਲੀ ਆਪਣੀ ਵਿਦੇਸ਼ ਨੀਤੀ ਨੂੰ ਵਾਸ਼ਿੰਗਟਨ ਤੋਂ ਵੱਖ ਰਾਹਾਂ ਵੱਲ ਮੋੜ ਰਹੇ ਹਨ, ਤੇ ਇਹੀ ਬਦਲਾਅ ਅਗਲੇ ਕਈ ਮਹੀਨਿਆਂ ਦੀ ਸਿਆਸਤ ਦਾ ਰੁਖ ਤੈਅ ਕਰੇਗਾ।



ਸੁਰਜੀਤ ਸਿੰਘ ਫਲੋਰਾ
SURJIT SINGH FLORA
6 Havelock Drive,
Brampton, ON
L6W 4A5 Canada
647-829-9397

# ਸ਼ਹੀਦ ਦੀ ਪਤਨੀ



ਰੱਬ ਨੇ ਗੁਰਮੇਲ ਸਿੰਘ ਤੇ ਚਰਨ ਕੌਰ ਦੀ ਅੱਜ ਸੁਣ ਲਈ ਸੀ। ਉਹਨਾਂ ਦੇ ਘਰ ਵਿਆਹ ਤੋਂ ਪੰਜ ਸਾਲਾਂ ਬਾਅਦ ਪਤਾ ਨਹੀਂ ਕਿੰਨੀਆਂ ਸੁੱਖਾਂ ਸੁੱਖ ਸੁੱਖ ਕੇ ਪੁੱਤ ਅਰਜਨ ਨੇ ਜਨਮ ਲਿਆ ਸੀ। ਉਹਨਾਂ ਦੀਆਂ ਖ਼ੁਸ਼ੀਆਂ ਸਾਂਭੀਆਂ ਨਹੀਂ ਜਾ ਰਹੀਆਂ ਸਨ। ਗੁਰਮੇਲ ਸਿੰਘ ਚਾਹੇ ਢਾਈ ਕੁ ਕਿੱਲਿਆਂ ਦੀ ਖ਼ੇਤੀ ਕਰਨ ਵਾਲ਼ਾ ਮਾਮੂਲੀ ਜਿਹਾ ਕਿਸਾਨ ਸੀ ਪਰ ਉਸ ਨੇ ਸਾਰੇ ਵਧਾਈ ਦੇਣ ਵਾਲਿਆਂ ਨੂੰ ਖ਼ੁਸ਼ ਕਰ ਕਰ ਕੇ ਤੋਰਿਆ ਸੀ। ਗੁਰਮੇਲ ਤੇ ਚਰਨ ਕੌਰ ਦੀ ਜਿਹੜੀ ਜ਼ਿੰਦਗੀ ਬੁਝੀ ਬੁਝੀ ਜਿਹੀ ਰਹਿਣ ਲੱਗ ਪਈ ਸੀ ਅੱਜ ਪਰਮਾਤਮਾ ਨੇ ਇਸ ਚਿਰਾਗ ਨਾ਼ਲ ਰੌਸ਼ਨ ਕਰ ਦਿੱਤੀ ਸੀ। ਅਰਜਨ ਨੂੰ ਉਹ ਕਦੇ ਇਕੱਲਾ ਨਾ ਛੱਡਦੇ, ਜੇ ਗ਼ਲੀ ਦੇ ਬੱਚੇ ਉਸ ਨੂੰ ਖਿਡਾਉਣ ਆ ਜਾਂਦੇ ਤਾਂ ਚਰਨ ਕੌਰ ਕੋ਼ਲ ਬੈਠੀ ਰਹਿੰਦੀ ਕਿ ਕਿਤੇ ਨਿਆਣਪੁਣੇ ਵਿੱਚ ਜਵਾਕਾਂ ਤੋਂ ਕੋਈ ਊਚ ਨੀਚ ਨਾ ਹੋ ਜਾਵੇ। ਪੰਜ ਕੁ ਵਰ੍ਹਿਆਂ ਦਾ ਹੋਇਆ ਤਾਂ ਪਿੰਡ ਵਾਲੇ ਸਕੂਲ ਵਿੱਚ ਹੀ ਪੜ੍ਹਨ ਪਾ ਦਿੱਤਾ। ਗੁਰਮੇਲ ਆਪ ਸਾਈਕਲ ਤੇ ਉਸ ਨੂੰ ਸਕੂਲ ਛੱਡਣ ਤੇ ਛੁੱਟੀ ਵੇਲੇ ਲੈਣ ਜਾਂਦਾ। ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਸਾਰੇ ਮਾਸਟਰ ਤੇ ਮੈਡਮਾਂ ਵੀ ਉਸ ਨੂੰ ਬਹੁਤ ਪਿਆਰ ਕਰਦੇ ਸਨ। ਸਕੂਲ ਬਾਰ੍ਹਵੀਂ ਤੱਕ ਹੋਣ ਕਰਕੇ ਅਰਜਨ ਨੇ ਬਾਰ੍ਹਵੀਂ ਵੀ ਪਿੰਡ ਦੇ ਸਕੂਲ ਵਿੱਚੋਂ ਅੱਵਲ ਆ ਕੇ ਪਾਸ ਕੀਤੀ। ਹੁਣ ਅਰਜਨ ਨੂੰ ਅੱਗੇ ਕੀ ਕਰਵਾਇਆ ਜਾਵੇ ਇਸ ਬਾਰੇ ਗੁਰਮੇਲ ਸਿੰਘ ਤੇ ਚਰਨ ਕੌਰ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਪਿੰਡ ਵਿੱਚੋਂ ਹੀ ਉਹ ਕਿਸੇ ਪੜ੍ਹੇ ਲਿਖੇ ਬੰਦੇ ਦੀ ਸਲਾਹ ਲੈਣ ਗਿਆ ਤਾਂ ਉਹ ਆਖਣ ਲੱਗਿਆ,"... ਗੁਰਮੇਲ ਸਿਆਂ ਇਹਨੂੰ ਤੂੰ ਕਿਸੇ ਵਰਕਸ਼ਾਪ ਵਗੈਰਾ ਤੇ ਕੰਮ ਸਿੱਖਣ ਲਾ ਦੇ....ਨਾਲੇ ਚਾਰ ਪੈਸੇ ਕਮਾਊ .... ਪਿੰਡ ਦੀ ਮੰਡੀਰ ਤੋਂ ਵੀ ਬਚ ਕੇ ਰਹੂ...ਤੇਰਾ ਵੀ ਹੱਥ ਸੌਖਾ ਹੋਊ....!" ਅਰਜਨ ਇਹ ਗੱਲ ਸੁਣ ਕੇ ਉਦਾਸ ਹੋ ਗਿਆ ਤੇ ਘਰ ਆ ਕੇ ਅੱਖਾਂ ਭਰ ਕੇ ਆਖਣ ਲੱਗਾ,"... ਬਾਪੂ ਜੀ ... ਮੈਂ ਹੋਰ ਪੜ੍ਹ ਕੇ ਵੱਡਾ ਅਫ਼ਸਰ ਬਣਨਾ ਚਾਹੁੰਦਾਂ... !"

"...ਨਾ ਮੱਲਿਆ.... ਉਦਾਸ ਨਾ ਹੋ.... ਮੈਂ ਤੈਨੂੰ ਹੋਰ ਪੜ੍ਹਾਊਂਗਾ....ਚਾਹੇ ਮੈਨੂੰ ਜ਼ਮੀਨ ਕਿਉਂ ਨਾ ਗਹਿਣੇ ਰੱਖਣੀ ਪਵੇ...।"ਅਰਜਨ ਨੂੰ ਦਿਲਾਸਾ ਦਿੰਦਾ ਹੋਇਆ ਗੁਰਮੇਲ ਉਸ ਨੂੰ ਗਲਵਕੜੀ ਵਿੱਚ ਲੈ ਲੈਂਦਾ ਹੈ।

ਗੁਰਮੇਲ ਦੀ ਭੈਣ ਦਾ ਦਿਓਰ ਜਗੀਰ ਸਿੰਘ ਫੌਜ ਵਿੱਚ ਅਫ਼ਸਰ ਸੀ ਤੇ ਉਹ ਛੁੱਟੀ ਆਇਆ ਹੋਇਆ ਸੀ। ਅਗਲੇ ਹੀ ਦਿਨ ਗੁਰਮੇਲ ਤੜਕੇ ਤੜਕੇ ਅਰਜਨ ਦੇ ਸਾਈਕਲ ਦੇ ਪਿੱਛੇ ਬੈਠ ਕੇ ਆਪਣੀ ਭੈਣ ਨੂੰ ਮਿਲਣ ਲਈ ਪਹੁੰਚ ਗਿਆ। ਉਸ ਨੇ ਆਪਣੀ ਭੈਣ ਨੂੰ ਸਾਰੀ ਗੱਲ ਦੱਸੀ ਕਿ ਉਹ ਅਰਜਨ ਨੂੰ ਅਗਾਂਹ ਕਿਹੜੀ ਪੜ੍ਹਾਈ ਕਰਾਉਣ ,ਇਸ ਲਈ ਸਲਾਹ ਲੈਣ ਆਏ ਹਨ । ਗੁਰਮੇਲ ਦੀ ਭੈਣ ਆਪਣੇ ਭਰਾ ਅਤੇ ਭਤੀਜੇ ਨੂੰ ਆਪਣੇ ਦਿਓਰ ਦੀ ਕੋਠੀ ਵਿੱਚ ਲੈ ਗਈ ਤੇ ਬੈਠ ਕੇ ਸਾਰਿਆਂ ਨੇ ਗੱਲ ਬਾਤ ਕੀਤੀ। ਜਗੀਰ ਸਿੰਘ ਅਰਜਨ ਦੇ ਸਰਟੀਫਿਕੇਟ ਦੇਖ ਕੇ ਖੁਸ਼ ਹੋ ਗਿਆ ਤੇ ਆਖਣ ਲੱਗਾ,".... ਤੂੰ ਤਾਂ ਬਹੁਤ ਹੋਣਹਾਰ ਪੁੱਤਰ ਹੈਂ.... ਤੈਨੂੰ ਆਪਾਂ ਅਫ਼ਸਰ ਹੀ ਬਣਾਵਾਂਗੇ....।" ਉਸ ਦੀ ਗੱਲ ਸੁਣ ਕੇ ਸਾਰਿਆਂ ਦੇ ਚਿਹਰਿਆਂ ਤੇ ਮੁਸਕਰਾਹਟ ਜਿਹੀ ਆ ਗਈ। ਉਸਨੇ ਦੋ ਕੁ ਜਾਣਿਆਂ ਨਾ਼ਲ ਫ਼ੋਨ ਤੇ ਕੋਈ ਗੱਲ ਕੀਤੀ ਤੇ ਫਿਰ ਇੱਕ ਪੈੱਨ ਨਾ਼ਲ ਇੱਕ ਕਾਗਜ਼ ਦੇ ਟੁਕੜੇ ਤੇ ਇੱਕ ਐਡਰੈੱਸ ਲਿਖ ਕੇ ਅਰਜਨ ਨੂੰ ਦਿੱਤਾ ਤੇ ਸਮਝਾਇਆ ਕਿ ਤੂੰ ਉੱਥੇ ਜਾ ਕੇ ਫ਼ਲਾਣੇ ਬੰਦੇ ਨੂੰ ਮਿਲ ਲਵੀਂ, ਉਹ ਤੇਰਾ ਉੱਥੇ ਦਾਖ਼ਲਾ ਕਰਕੇ ਫੌਜ ਦਾ ਵੱਡੇ ਅਫ਼ਸਰ ਬਣਨ ਲਈ ਤਿਆਰੀ ਕਰਵਾਉਣਗੇ । ਨਾ਼ਲ ਹੀ ਉਸ ਨੇ ਹਦਾਇਤ ਦਿੱਤੀ ਕਿ ਉਹ ਰੋਜ਼ ਦੌੜਾਂ ਦੀ ਪਰੈਕਟਿਸ ਵੀ ਕਰਿਆ ਕਰੇ । ਅਰਜਨ ਨੇ ਖ਼ੁਸ਼ੀ ਨਾਲ ਹਾਂ ਵਿੱਚ ਸਿਰ ਹਿਲਾਇਆ ਤੇ ਖੜ੍ਹਾ ਹੋ ਕੇ ਉਸ ਦੇ ਪੈਰੀਂ ਹੱਥ ਲਾਇਆ। ਦੋਵੇਂ ਪਿਉ ਪੁੱਤ ਖ਼ੁਸ਼ੀ ਖ਼ੁਸ਼ੀ ਉੱਥੋਂ ਆ ਗਏ।

ਅਰਜਨ ਨੇ ਫੌਜ ਦੀ ਅਫ਼ਸਰੀ ਦੀ ਤਿਆਰੀ ਕਰਨ ਵਿੱਚ ਜੀ ਜਾਨ ਇੱਕ ਕਰ ਦਿੱਤੀ ਤੇ ਉਹ ਨਰਮ ਜਿਹੀ ਉਮਰ ਵਿੱਚ ਹੀ ਫੌਜ ਵਿੱਚ ਲੈਫ਼ਟੀਨੈਂਟ ਭਰਤੀ ਹੋ ਗਿਆ। ਗੁਰਮੇਲ ਸਿੰਘ ਤੇ ਚਰਨ ਕੌਰ ਦਾ ਚਾਅ ਨਹੀਂ ਚੁੱਕਿਆ ਜਾ ਰਿਹਾ ਸੀ ਕਿਉਂਕਿ ਉਹਨਾਂ ਦਾ ਇਕਲੌਤਾ ਪੁੱਤਰ ਅਫ਼ਸਰ ਬਣ ਗਿਆ ਸੀ। ਤਿੰਨ ਸਾਲਾਂ ਵਿੱਚ ਅਰਜਨ ਨੇ ਆਪਣੇ ਮਾਤਾ ਪਿਤਾ ਦੇ ਛੋਟੇ ਛੋਟੇ ਚਾਅ ਪੂਰੇ ਕਰਨ ਵਿੱਚ ਕੋਈ ਕਮੀ ਨਹੀਂ ਰੱਖੀ ਸੀ ,ਘਰ ਨੂੰ ਵੀ ਆਪਣੇ ਹਿਸਾਬ ਨਾਲ ਵਧੀਆ ਬਣਾ ਲਿਆ ਸੀ। ਗੁਰਮੇਲ ਸਿੰਘ ਨੇ ਵੀ ਖੇਤੀ ਕਰਨੀ ਛੱਡ ਕੇ ਜ਼ਮੀਨ ਠੇਕੇ ਤੇ ਦੇ ਦਿੱਤੀ ਸੀ। ਹੁਣ ਉਹਨਾਂ ਦਾ ਰਹਿਣ ਸਹਿਣ ਇੱਕ ਅਫਸਰ ਪੁੱਤ ਦੇ ਮਾਂ ਬਾਪ ਵਰਗਾ ਹੋ ਗਿਆ ਸੀ। ਪਿੰਡ ਵਿੱਚੋਂ ਹੀ ਕਿਸੇ ਦੀ ਨੂੰਹ ਚਰਨ ਕੌਰ ਕੋ਼ਲ ਆਪਣੇ ਪਿੰਡ ਦੀ ਇੱਕ ਗ਼ਰੀਬ ਘਰ ਦੀ ਪੜ੍ਹੀ ਲਿਖੀ ਕੁੜੀ ਦਾ ਰਿਸ਼ਤਾ ਲੈ ਕੇ ਆਈ। ਚਰਨ ਕੌਰ ਨੇ ਗੁਰਮੇਲ ਸਿੰਘ ਨਾਲ ਗੱਲ ਕੀਤੀ। ਜਦੋਂ ਅਰਜਨ ਛੁੱਟੀ ਆਇਆ ਤਾਂ ਉਹਨਾਂ ਨੇ ਉਸ ਦੇ ਰਿਸ਼ਤੇ ਦੀ ਗੱਲ ਕੀਤੀ ਤਾਂ ਅਰਜਨ ਨੇ ਆਪਣੇ ਨਾਲ ਹੀ ਇੱਕ ਅਫਸਰ ਕੁੜੀ ਮੁਸਕਾਨ ਨਾਲ ਵਿਆਹ ਕਰਵਾਉਣ ਦੀ ਇੱਛਾ ਜਤਾਈ ਜੋ ਗੈਰ ਪੰਜਾਬੀ ਸੀ। ਮਾਂ ਚਰਨ ਕੌਰ ਨੇ ਅਰਜਨ ਨੂੰ ਸਮਝਾਉਂਦਿਆਂ ਹੋਇਆਂ ਆਖਿਆ," .... ਪੁੱਤ.... ਜਿਹੜੀ ਕੁੜੀ ਨੂੰ ਸਾਡੇ ਰੀਤੀ ਰਿਵਾਜਾਂ ਜਾਂ ਪਿੰਡਾਂ ਬਾਰੇ ਕੋਈ ਜਾਣਕਾਰੀ ਈ ਨਹੀਂ....ਉਹ ਸਾਡੀ ਸੇਵਾ ਕੀ ਕਰੂ...?...ਇਹ ਤਾਂ ਆਪਣੇ ਪਿੰਡਾਂ ਦੀ ਕੁੜੀ ਆ.... ਬੰਨੇਂ ਨਾਲ ਬੰਨੇਂ ਰਲਦੇ ਨੇ.... ਆਪਣੇ ਪਿੰਡਾਂ ਦੀਆਂ ਕੁੜੀਆਂ ਸਭ ਰਿਸ਼ਤਿਆਂ ਨੂੰ ਸਮਝਦੀਆਂ ਹੁੰਦੀਆਂ ਨੇ.... ਉਹਨਾਂ ਨੂੰ ਕਦਰ ਹੁੰਦੀ ਆ.... ਨਾ਼ਲੇ ਗ਼ਰੀਬ ਘਰ ਦੀ ਕੁੜੀ ਨੂੰ ਕਦਰ ਹੁੰਦੀ ਐ ਸਭ ਦੀ ....!" ਗੁਰਮੇਲ ਸਿੰਘ ਤੇ ਚਰਨ ਕੌਰ ਨੇ ਅਰਜਨ ਤੇ ਦਬਾਅ ਪਾ ਕੇ ਰਿਸ਼ਤਾ ਕਰ ਦਿੱਤਾ ਤੇ ਅਗਲੀ ਛੁੱਟੀ ਵਿਆਹ ਕਰ ਦਿੱਤਾ।

ਵਿਆਹ ਤੋਂ ਮਹੀਨੇ ਬਾਅਦ ਅਰਜਨ ਛੁੱਟੀ ਕੱਟ ਕੇ ਨੌਕਰੀ ਤੇ ਵਾਪਸ ਚਲਿਆ ਗਿਆ ਤੇ ਉਸ ਦੀ ਵਹੁਟੀ ਪਰਮ ਨੂੰ ਕੁਆਰਟਰ ਲੈ ਕੇ ਅਗਲੀ ਛੁੱਟੀ ਨਾਲ ਲਿਜਾਣ ਦਾ ਵਾਅਦਾ ਕਰ ਗਿਆ ਸੀ । ਅਰਜਨ ਦੇ ਛੁੱਟੀ ਕੱਟ ਕੇ ਜਾਣ ਤੋਂ ਬਾਅਦ ਪਰਮ ਵੀ ਆਪਣੇ ਸੱਸ ਸਹੁਰੇ ਕੋ਼ਲ ਹਫ਼ਤਾ ਕੁ ਰਹੀ ਤੇ ਫਿਰ ਪੇਕੇ ਚਲੀ ਗਈ। ਉਂਝ ਉਹ ਫ਼ੋਨ ਤੇ ਆਪਣੇ ਸੱਸ ਸਹੁਰੇ ਨਾਲ ਗੱਲਬਾਤ ਕਰਦੀ ਰਹਿੰਦੀ ਸੀ। ਇੱਕ ਦਿਨ ਉਸ ਨੇ ਸ਼ਰਮਾਉਂਦੀ ਸ਼ਰਮਾਉਂਦੀ ਨੇ ਆਪਣੀ ਸੱਸ ਨੂੰ ਦੱਸਿਆ ਕਿ ਉਹ ਮਾਂ ਬਣਨ ਵਾਲੀ ਹੈ ਤਾਂ ਗੁਰਮੇਲ ਸਿੰਘ ਤੇ ਚਰਨ ਕੌਰ ਦੇ ਖ਼ੁਸ਼ੀ ਵਿੱਚ ਧਰਤੀ ਤੇ ਪੱਬ ਨਹੀਂ ਲੱਗ ਰਹੇ ਸਨ। ਅਰਜਨ ਵੀ ਬਹੁਤ ਖੁਸ਼ ਸੀ। ਅਰਜਨ ਤਰੱਕੀ ਹੋ ਕੇ ਹੁਣ ਕੈਪਟਨ ਬਣ ਗਿਆ ਸੀ। ਉਹ ਫਿਰ ਜਲਦੀ ਹੀ ਛੁੱਟੀ ਆ ਕੇ ਆਪਣੇ ਪਰਿਵਾਰ ਨਾਲ ਦੂਹਰੀ ਦੂਹਰੀ ਖੁਸ਼ੀ ਸਾਂਝੀ ਕਰਨਾ ਚਾਹੁੰਦਾ ਸੀ ਪਰ ਉਸ ਦੀ ਬਦਲੀ ਬਾਰਡਰ ਤੇ ਹੋ ਗਈ ਸੀ। ਅਰਜਨ ਨੇ ਨਵੀਂ ਜਗ੍ਹਾ ਜਾ ਕੇ ਅਗਲੇ ਮਹੀਨੇ ਲਈ ਛੁੱਟੀ ਭਰ ਦਿੱਤੀ ਸੀ।ਉਸ ਦੇ ਅਗਲੇ ਮਹੀਨੇ ਛੁੱਟੀ ਆਉਣ ਦਾ ਸਾਰਿਆਂ ਨੂੰ ਬਹੁਤ ਚਾਅ ਸੀ।

ਇੱਕ ਦਿਨ ਤੜਕੇ ਤੜਕੇ ਜਦੋਂ ਗੁਰਮੇਲ ਸਿੰਘ ਨੇ ਟੀ ਵੀ ਲਾਇਆ ਤਾਂ ਦੁਸ਼ਮਣ ਦੀ ਫੌਜ ਵੱਲੋਂ ਕੀਤੇ ਹਮਲੇ ਵਿੱਚ ਸ਼ਹੀਦ ਹੋਏ ਫੌਜੀਆਂ ਦੇ ਨਾਂ ਦੱਸੇ ਜਾ ਰਹੇ ਸਨ । ਜਦ ਉਸ ਦੇ ਕੰਨਾਂ ਵਿੱਚ ਕੈਪਟਨ ਅਰਜਨ ਸਿੰਘ ਪਿਆ ਤਾਂ ਉਹ ਉੱਥੇ ਹੀ ਪੱਥਰ ਦੀ ਮੂਰਤੀ ਵਾਂਗ ਖਲੋਤਾ ਰਿਹਾ। ਚਰਨ ਕੌਰ ਨੇ ਵੀ ਸੁਣ ਲਿਆ ਸੀ, ਹੌਲੀ ਹੌਲੀ ਸਾਰੇ ਪਿੰਡ ਨੂੰ ਵੀ ਪਤਾ ਲੱਗ ਗਿਆ ਸੀ। ਪਰਮ ਵੀ ਰੋਂਦੀ ਕੁਰਲਾਉਂਦੀ ਆ ਗਈ। ਅਗਲੇ ਦਿਨ ਸ਼ਹੀਦ ਅਰਜਨ ਸਿੰਘ ਦੀ ਦੇਹ ਅੰਤਿਮ ਸੰਸਕਾਰ ਲਈ ਪਿੰਡ ਪਹੁੰਚੀ,ਉਸ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਕੁਝ ਅਫ਼ਸਰ ਸਰਕਾਰੀ ਕਾਗਜ਼ ਨਾਲ ਲੈ ਕੇ ਆਏ ਸਨ। ਉਨ੍ਹਾਂ ਨੇ ਅੰਤਿਮ ਸੰਸਕਾਰ ਤੋਂ ਬਾਅਦ ਗੁਰਮੇਲ ਸਿੰਘ ਤੇ ਚਰਨ ਕੌਰ ਤੋਂ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਾਸ਼ੀ ਅਤੇ ਪੈਨਸ਼ਨ ਬਾਰੇ ਪੁੱਛਿਆ ਕਿ ਉਹ ਆਪ ਲੈਣਾ ਚਾਹੁੰਦੇ ਹਨ ਜਾਂ ਉਸ ਦੀ ਪਤਨੀ ਨੂੰ ਹੱਕਦਾਰ ਬਣਾਉਣਾ ਚਾਹੁੰਦੇ ਹਨ। ਉਹਨਾਂ ਨੂੰ ਇਹ ਸੀ ਕਿ ਉਹਨਾਂ ਦੇ ਘਰ ਉਹਨਾਂ ਦੇ ਪੁੱਤ ਦੀ ਨਿਸ਼ਾਨੀ ਆਉਣ ਵਾ਼ਲੀ ਹੈ ਇਸ ਲਈ ਉਹਨਾਂ ਨੇ ਦਸਤਖ਼ਤ ਕਰ ਦਿੱਤੇ ਕਿ ਅਰਜਨ ਦੀ ਨੌਕਰੀ ਦੇ ਪੈਸੇ ਧੇਲੇ ਅਤੇ ਪੈਨਸ਼ਨ ਦੀ ਹੱਕਦਾਰ ਉਸ ਦੀ ਪਤਨੀ ਪਰਮ ਹੀ ਹੈ। ਉਹ ਸੋਚਦੇ ਸਨ ਕਿ ਪਰਮ ਨੂੰ ਉਹ ਆਪਣੀ ਨੂੰਹ ਨਹੀਂ ਪੁੱਤ ਬਣਾ ਕੇ ਆਪਣੇ ਕੋਲ ਰੱਖਣਗੇ ਤੇ ਆਉਣ ਵਾਲੇ ਬੱਚੇ ਵਿੱਚੋਂ ਉਹਨਾਂ ਨੂੰ ਆਪਣਾ ਅਰਜਨ ਮਿ਼ਲ ਜਾਵੇਗਾ। ਅਰਜਨ ਦੀ ਭੋਗ ਅਤੇ ਅੰਤਿਮ ਅਰਦਾਸ ਦੀ ਰਸਮ ਵੀ ਹੋ ਗਈ , ਰਿਵਾਜ ਮੁਤਾਬਕ ਪਰਮ ਦੇ ਪੇਕੇ ਉਸ ਨੂੰ ਆਪਣੇ ਨਾਲ ਲੈ ਗਏ। ਦੋ ਕੁ ਦਿਨ ਬਾਅਦ ਗੁਰਮੇਲ ਸਿੰਘ ਤੇ ਚਰਨ ਕੌਰ ਉਸ ਨੂੰ ਪਿੰਡ ਆਪਣੇ ਕੋਲ ਲੈ ਆਏ। ਪਰਮ ਦਾ ਇਹਨਾਂ ਕੋਲ ਦਿਲ ਨਹੀਂ ਲੱਗ ਰਿਹਾ ਸੀ ਉਸ ਦੀ ਮਜ਼ਬੂਰੀ ਸੀ ਕਿਉਂਕਿ ਅਰਜਨ ਦੀ ਪਤਨੀ ਹੋਣ ਦੇ ਨਾਤੇ ਕਈ ਤਰ੍ਹਾਂ ਦੀ ਕਾਗਜ਼ੀ ਕਾਰਵਾਈ ਤੇ ਉਸ ਦੇ ਵੀ ਦਸਤਖ਼ਤ ਕਰਵਾਉਣ ਲਈ ਮਹਿਕਮੇ ਤੋਂ ਬੰਦਿਆਂ ਨੇ ਆਉਣਾ ਸੀ। ਸਾਰਾ ਕੰਮ ਮਹੀਨੇ ਵਿੱਚ ਨਿੱਬੜ ਗਿਆ ਸੀ,ਸਾਰਾ ਪੈਸਾ ਧੇਲਾ ਪਰਮ ਦੇ ਖਾਤੇ ਵਿੱਚ ਆ ਗਿਆ ਸੀ ਤੇ ਉਸ ਨੂੰ ਪੈਨਸ਼ਨ ਵੀ ਲੱਗ ਗਈ ਸੀ।ਉਹ ਆਪਣੇ ਪੇਕੇ ਚਲੀ ਗਈ। ਉਹ ਸਾਢੇ ਕੁ ਚਾਰ ਮਹੀਨਿਆਂ ਦੀ ਗਰਭਵਤੀ ਸੀ। ਇੱਕ ਦਿਨ ਉਸ ਦੀ ਮਾਂ ਆਖਣ ਲੱਗੀ,".... ਕੁੜੇ ਪਰਮ....ਤੇਰੀ ਖਾਣ ਹੰਢਾਉਣ ਦੀ ਸਾਰੀ ਉਮਰ ਪਈ ਆ.... ਇਹ ਜਵਾਕ ਜਿਹੇ ਦੇ ਸਹਾਰੇ ਤਾਂ ਨੀ ਨਿਕਲਣੀ ਉਮਰ.... ਕਿਉਂ ਆਪਣੇ ਨਾਲ ਇਹ ਬੋਝ ਚੁੱਕੀ ਫਿਰਦੀ ਐਂ....!" ਪਰਮ ਪਹਿਲਾਂ ਹੀ ਇਹ ਸਭ ਸੋਚ ਰਹੀ ਸੀ। ਇਹ ਗੱਲ ਕਰਕੇ ਜਿਵੇਂ ਉਸ ਦੀ ਮਾਂ ਨੇ ਉਸ ਦੇ ਦਿਲ ਦੀ ਗੱਲ ਬੁੱਝ ਲਈ ਹੋਵੇ। ਦੋਵੇਂ ਮਾਂ -ਧੀ ਸ਼ਹਿਰ ਚੈੱਕ ਅੱਪ ਕਰਵਾਉਣ ਦੇ ਬਹਾਨੇ ਗਰਭਪਾਤ ਕਰਵਾ ਆਈਆਂ। ਪਰਮ ਦੀ ਮਾਂ ਨੇ ਚਰਨ ਕੌਰ ਨੂੰ ਫ਼ੋਨ ਕਰਕੇ ਦੱਸਿਆ,".... ਭੈਣ ਜੀ.... ਅਸੀਂ ਤਾਂ ਬਥੇਰੀ ਦਵਾਈ ਬੂਟੀ ਕਰਵਾਈ.... ਬਥੇਰੀ ਵਾਹ ਲਾਈ ....ਪਤਾ ਨੀ ਨਿਆਣੀ ਦੇ ਰੋਣ ਪਿੱਟਣ ਕਰਕੇ ਹਉਕਾ ਖਾ ਗਈ.... ਇੱਕ ਦਮ ਦਰਦ ਉੱਠਿਆ ਤੇ ਸਾਰਾ ਕੰਮ ਖਰਾਬ ਹੋ ਗਿਆ....। " ਚਰਨ ਕੌਰ ਧਾਹਾਂ ਮਾਰ ਕੇ ਰੋਣ ਲੱਗੀ ਜਿਵੇਂ ਇੱਕ ਹੋਰ ਅਰਜਨ ਉਸ ਦੇ ਘਰੋਂ ਤੁਰ ਗਿਆ ਹੋਵੇ ਕਿਉਂਕਿ ਉਹਨਾਂ ਦੀਆਂ ਆਸਾਂ ਵਿਚਲੀ ਦੁਨੀਆਂ ਵੀ ਉਜੜ ਗਈ ਸੀ।

ਪਰਮ ਕਰੋੜਾਂ ਦੀ ਮਾਲਕਣ ਬਣ ਗਈ ਸੀ। ਚੜ੍ਹੇ ਮਹੀਨੇ ਉਸ ਨੂੰ ਮੋਟੀ ਪੈਨਸ਼ਨ ਮਿਲ ਜਾਂਦੀ ਸੀ। ਉਹ ਆਪਣੇ ਪੇਕਿਆਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲੱਗੀ। ਉਹਨਾਂ ਦੀ ਗਰੀਬੀ ਧੋਤੀ ਗਈ। ਛੇ ਕੁ ਮਹੀਨਿਆਂ ਬਾਅਦ ਹੀ ਛੋਟੀ ਭੈਣ ਦਾ ਵਿਆਹ ਕਰ ਦਿੱਤਾ ਤੇ ਭਰਾ ਨੂੰ ਖ਼ਰਚਾ ਕਰਕੇ ਕਨੇਡਾ ਭੇਜ ਦਿੱਤਾ। ਪਰਮ ਆਪ ਵੀ ਉਸ ਮੁੰਡੇ ਕੋਲ ਕਨੇਡਾ ਚਲੀ ਗਈ ਜਿਸ ਨੂੰ ਉਹ ਪਿਆਰ ਕਰਦੀ ਸੀ। ਉਸ ਨੇ ਉਸ ਨਾ਼ਲ ਚੋਰੀ ਛਿਪੇ ਵਿਆਹ ਵੀ ਕਰਵਾ ਲਿਆ ਸੀ ਪਰ ਕਿਸੇ ਨੂੰ ਕੋਈ ਭਿਣਕ ਨਹੀਂ ਲੱਗਣ ਦਿੱਤੀ ਸੀ ਕਿਉਂਕਿ ਨਹੀਂ ਤਾਂ ਉਸ ਨੂੰ ਅਰਜਨ ਦੀ ਮਿਲਣ ਵਾਲੀ ਪੈਨਸ਼ਨ ਤੋਂ ਹੱਥ ਧੋਣੇ ਪੈ ਸਕਦੇ ਸਨ ।ਓਧਰ ਗੁਰਮੇਲ ਸਿੰਘ ਤੇ ਚਰਨ ਕੌਰ ਕੁਝ ਕੁ ਮਹੀਨਿਆਂ ਵਿੱਚ ਜਮ੍ਹਾਂ ਈ ਰਹਿ ਗਏ ਸਨ ਕਿਉਂਕਿ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਗਾਂਹ ਨ੍ਹੇਰਾ ਹੀ ਦਿਸਦਾ ਸੀ। ਪਰਮ ਦੇ ਤਾਂ ਉਹਨਾਂ ਨੂੰ ਫੋਨ ਦਾ ਵੀ ਭਾਅ ਨਹੀਂ ਸੀ। ਉਹ ਤਾਂ ਕੱਖੋਂ ਹੌਲੇ ਹੋ ਕੇ ਬੈਠ ਗਏ ਸਨ। ਉਹਨਾਂ ਨੂੰ ਚਿੱਠੀ ਆਈ ਕਿ ਗਣਤੰਤਰ ਦਿਵਸ ਤੇ ਸ਼ਹੀਦ ਦੀ ਪਤਨੀ ਦਾ ਸਨਮਾਨ ਕੀਤਾ ਜਾਣਾ ਸੀ। ਪਰਮ ਨੇ ਤਾਂ ਉਹਨਾਂ ਦਾ ਫ਼ੋਨ ਚੱਕਣਾ ਵੀ ਕਦੋਂ ਦਾ ਬੰਦ ਕੀਤਾ ਹੋਇਆ ਸੀ।ਇਸ ਕਰਕੇ ਗੁਰਮੇਲ ਸਿੰਘ ਆਪਣੇ ਭਤੀਜੇ ਨਾਲ ਕਾਰ ਵਿੱਚ ਬੈਠ ਕੇ ਪਰਮ ਦੇ ਪੇਕੇ ਦੱਸਣ ਗਿਆ ਤਾਂ ਉਨ੍ਹਾਂ ਨੇ ਪਰਮ ਬਾਰੇ ਭਾਫ਼ ਨਹੀਂ ਕੱਢੀ ਕਿ ਉਹ ਕਨੇਡਾ ਚਲੀ ਗਈ ਹੈ। ਉਸ ਦੀ ਮਾਂ ਨੇ ਉਸ ਦਾ ਰਿਸ਼ਤੇਦਾਰੀ ਵਿੱਚ ਗਏ ਹੋਣ ਦਾ ਬਹਾਨਾ ਲਗਾਇਆ ਤੇ ਕਿਹਾ ਕਿ ਉਹ ਸਨਮਾਨ ਲੈਣ ਪਹੁੰਚ ਜਾਵੇਗੀ। ਗੁਰਮੇਲ ਸਿੰਘ ਨੇ ਕਿਹਾ,"... ਭੈਣ ਜੀ.... ਪਰਮ ਨੂੰ ਆਖਿਓ ਸਾਨੂੰ ਵੀ ਨਾ਼ਲ ਲੈ ਚੱਲੇ.... ਅਸੀਂ ਜਿਉਂਦੇ ਦਾ ਨਾ ਸਹੀ ....ਆਪਣੇ ਸ਼ਹੀਦ ਪੁੱਤ ਦਾ ਆਦਰ ਮਾਣ ਹੁੰਦਾ ਵੇਖ ਲਵਾਂਗੇ....।" ਇਹ ਕਹਿ ਕੇ ਉਹ ਉੱਥੋਂ ਆ ਗਏ।

ਅਰਜਨ ਦੇ ਮਾਤਾ ਪਿਤਾ ਪਰਮ ਦੀ ਉਡੀਕ ਕਰ ਰਹੇ ਸਨ ਕਿ ਉਹ ਉਹਨਾਂ ਨੂੰ ਲੈਣ ਲਈ ਆਵੇਗੀ। ਪਰ ਉਸ ਵੱਲੋਂ ਕੋਈ ਸੁਨੇਹਾ ਨਾ ਆਇਆ। ਪਰਮ ਬਾਹਰੋਂ ਆਕੇ ਇੱਕ ਵਿਧਵਾ ਦਾ ਰੂਪ ਧਾਰਨ ਕਰ ਕੇ ਅਵਾਰਡ ਲੈਣ ਜਾਂਦੀ ਹੈ। ਸ਼ਹੀਦ ਅਰਜਨ ਸਿੰਘ ਦੀ ਪਤਨੀ ਨੂੰ ਸਨਮਾਨਿਤ ਕੀਤਾ ਜਾ ਰਿਹਾ ਸੀ। ਗੁਰਮੇਲ ਸਿੰਘ ਇਸ ਸਭ ਦਾ ਟੀ ਵੀ ਵਿੱਚ ਸਿੱਧਾ ਪ੍ਰਸਾਰਣ ਦੇਖ ਰਿਹਾ ਸੀ। ਇਹ ਸਭ ਵੇਖ ਕੇ ਉਹ ਦੋਵੇਂ ਪਤੀ ਪਤਨੀ ਬਹੁਤ ਉਦਾਸ ਹੋਏ । ਸ਼ਾਮ ਨੂੰ ਤਿੰਨ ਕੁ ਵਜੇ ਉਹ ਵਿਹੜੇ ਵਿੱਚ ਬਹੁਤ ਉਦਾਸ ਬੈਠੇ ਸਨ ਕਿ ਇੱਕ ਫੌਜੀ ਜਿਪਸੀ ਗੇਟ ਅੱਗੇ ਆ ਕੇ ਰੁਕੀ । ਉਸ ਵਿੱਚੋਂ ਉਤਰ ਕੇ ਇੱਕ ਕੁੜੀ ਜਿਸ ਦੇ ਫੌਜੀ ਵਰਦੀ ਪਾਈ ਹੋਈ ਸੀ ਅੰਦਰ ਆਈ ਤੇ ਉਹ ਗੁਰਮੇਲ ਸਿੰਘ ਤੇ ਚਰਨ ਕੌਰ ਦੇ ਪੈਰੀਂ ਹੱਥ ਲਗਾਉਂਦੀ ਹੈ। ਆਪਣੀ ਪਹਿਚਾਣ ਦਿੰਦੀ ਹੋਈ ਆਪ ਹੀ ਦੱਸਦੀ ਹੈ,".... ਬੀਜੀ ਪਾਪਾ ਜੀ..... ਮੈਂ ਮੁਸਕਾਨ ਹੂੰ..... ਅਰਜਨ ਮੇਰਾ ਬਹੁਤ ਅੱਛਾ ਦੋਸਤ ਥਾ....ਯਹੀਂ ਨੇੜੇ ਯੂਨਿਟ ਮੇਂ ਮੇਰੀ ਟ੍ਰਾਂਸਫਰ ਹੂਈ ਹੈ.... ਅਰਜਨ ਕੇ ਬਾਰੇ ਮੇਂ ਸੁਨ ਕਰ ਮੈਂ ਟੂਟ ਸੀ ਗਈ ਥੀ.... ਆਪ ਕੋ ਮਿਲ ਕਰ ਮੁਝੇ ਐਸੇ ਲਗ ਰਹਾ ਹੈ..... ਜੈਸੇ ਮੈਂ ਅਰਜਨ ਸੇ ਬਾਤ ਕਰ ਰਹੀ ਹੂੰ..... ਆਪ ਮੁਝੇ ਅਪਨੀ ਬੇਟੀ ਹੀ ਸਮਝੋ.... ਆਪ ਕੋ ਜਬ ਭੀ ਕੋਈ ਜ਼ਰੂਰਤ ਹੋ ਮੈਂ ਹਾਜ਼ਰ ਹੂੰਗੀ.... ਜਬ ਤਕ ਮੈਂ ਯਹਾਂ ਹੂੰ ਆਪਕੋ ਹਰ ਹਫ਼ਤੇ ਮਿਲਤੀ ਰਹੂੰਗੀ.... ਬਾਅਦ ਮੇਂ ਭੀ ਆਤੀ ਰਹੂੰਗੀ ਔਰ ਆਪਕਾ ਧਿਆਨ ਰੱਖੂੰਗੀ....!"



**ਬਰਜਿੰਦਰ ਕੌਰ ਬਿਸਰਾਓ...**
**9988901324**

# ਜੇਠੂ ਦੀ ਹੱਟੀ

ਸੱਠ ਸੱਤਰ ਦੇ ਦਹਾਕਿਆਂ ਤੋਂ ਵੇਖਦਾ ਆ ਰਿਹਾ ਹਾਂ ਕਿ ਮੰਡੀ ਡੱਬਵਾਲੀ ਵਿੱਚ 'ਜੇਠੂ ਦੀ ਹੱਟੀ' ਦਾ ਨਾਮ ਚੱਲਦਾ ਆ ਰਿਹਾ। ਕੋਈ 'ਜੇਠੂ ਦੀ ਹੱਟੀ' ਕਹਿੰਦਾ ਕੋਈ 'ਜੇਠੂ ਕੇ' ਤੇ ਕੋਈ 'ਜੇਠੂ ਰਾਮ ਕੇ।' ਪਹਿਲਾਂ ਇਹਨਾਂ ਦੀ ਕਿਤਾਬਾਂ ਕਾਪੀਆਂ ਅਤੇ ਜਰਨਲ ਸਮਾਨ ਦੀ ਦੁਕਾਨ ਸੀ। ਜਦੋਂ ਤੋਂ ਮੈਂ ਵੇਖਿਆ ਪਹਿਲਾਂ ਇਹ ਗੋਲ ਬਜ਼ਾਰ ਵਿਚਲੀ ਭੀੜੀ ਜਿਹੀ ਦੁਕਾਨ ਹੀ ਹੁੰਦੀ ਸੀ। ਸ੍ਰੀ ਜੇਠੂ ਰਾਮ ਸੇਠੀ ਦਾ ਨਾਮ ਇਲਾਕੇ ਦੇ ਬੱਚੇ ਬੱਚੇ ਦੀ ਜੁਬਾਨ ਤੇ ਸੀ। ਨਵੀਆਂ ਕਿਤਾਬਾਂ ਕਾਪੀਆਂ ਜੋ ਮਿਲਦੀਆਂ ਸੀ ਇਥੋਂ। ਸ੍ਰੀ ਜੇਠੂ ਰਾਮ ਜੀ ਮੇਰੇ ਦਾਦਾ ਜੀ ਦੇ ਭਣਵੀਏ ਦੇ ਭਣਵੀਏ ਸਨ। ਯਾਨੀ ਮੇਰੇ ਦਾਦਾ ਜੀ ਦੇ ਜੀਜੇ ਦੇ ਜੀਜੇ। ਪਾਪਾ ਜੀ ਦੇ ਫੁਫੜ ਦਾ ਨਾਮ ਸ੍ਰੀ ਮਿਲਖੀ ਰਾਮ ਮੋਂਗਾ ਸੀ। ਸ੍ਰੀ ਜੇਠੂ ਰਾਮ ਜੀ ਮੇਰੇ ਦਾਦਿਆਂ ਦੀ ਥਾਂ ਲੱਗਦੇ ਸਨ। ਕਹਿੰਦੇ ਦਾਦੂ ਜੇਠੂ ਰਾਮ ਜੀ ਨੇ ਆਪਣੇ ਭਤੀਜੇ ਪ੍ਰੇਮ ਸੇਠੀ ਨੂੰ ਗੋਦ ਲਿਆ। ਪਰਵਰਿਸ਼ ਅਤੇ ਸੰਸਕਾਰਾਂ ਦਾ ਫਰਕ ਹੈ ਅੱਜ ਪ੍ਰੇਮ ਸੇਠੀ ਦਾ ਆਪਣੇ ਭਰਾਵਾਂ ਚੋਂ ਬੋਲ ਬਾਣੀ ਅਤੇ ਕੰਮਕਾਰ ਦਾ ਫਰਕ ਹੈ। ਪ੍ਰੇਮ ਦਾ ਸੁਭਾਅ ਅਤੇ ਤੌਰ ਤਰੀਕੇ ਵੱਖਰੇ ਹਨ। ਸੁਣਿਆ ਤਾਂ ਇਹ ਵੀ ਸੀ ਕਿ ਮੰਡੀ ਚ ਪਹਿਲਾ ਜਾਂ ਦੂਜਾ ਟੈਲੀਵਿਜ਼ਨ ਪ੍ਰੇਮ ਸੇਠੀ ਦੇ ਵਿਆਹ ਚ ਆਇਆ ਸੀ।

ਜੇਠੂ ਦੀ ਹੱਟੀ ਐਮ ਐਸ ਮੁਨਸ਼ੀ ਰਾਮ ਜੇਠੂ ਰਾਮ ਨਾਮ ਦੀ ਫਰਮ ਦੇ ਨਾਮ ਹੇਠ ਚਲਾਈ ਜਾਂਦੀ ਸੀ। ਜਿਥੋਂ ਤੱਕ ਮੇਰੀ ਜਾਣਕਾਰੀ ਹੈ ਇਹ ਫਰਮ ਅੱਜ ਵੀ ਹੈ। ਭਰਾਵਾਂ ਦੀ ਵੰਡ ਤੋਂ ਬਾਅਦ ਇਹ ਫਰਮ ਸ੍ਰੀ ਜੇਠੂ ਰਾਮ ਦੇ ਵਾਰਿਸ ਪ੍ਰੇਮ ਸੇਠੀ ਦੇ ਹਿੱਸੇ ਆਈ। ਇਸ ਫਰਮ ਨੇ ਕਈ ਠਿਕਾਣੇ ਬਦਲੇ ਤੇ ਹਰ ਜਗ੍ਹਾ ਸਫਲਤਾ ਇਸ ਦੇ ਨਾਲ ਰਹੀ। ਗੋਲ ਬਜ਼ਾਰ ਤੋਂ ਸ਼ਿਫਟ ਹੋਕੇ ਇਹ ਫਰਮ ਮੇਨ ਬਜ਼ਾਰ ਵਿੱਚ ਸ਼ਾਦੀ ਰਾਮ ਪੰਸਾਰੀ ਦੇ ਗੁਆਂਢ ਆਈ। ਕਈ ਸਾਲ ਇੱਥੇ ਨਾਮ ਚਮਕਾਉਣ ਤੋਂ ਬਾਅਦ ਇਹ ਗਾਂਧੀ ਚੌਂਕ ਦੇ ਸ਼ਾਹਮਣੇ ਚਲੀ ਗਈ। ਅੱਜ ਕੱਲ੍ਹ ਦੀ ਪਨੀਰੀ ਇਸ ਨੂੰ ਪ੍ਰੇਮ ਦੀ ਦੁਕਾਨ ਕਹਿੰਦੀ ਹੈ। ਪ੍ਰੇਮ ਦੇ ਆਪਣੇ ਅਸੂਲ ਹਨ ਬੋਲੀ ਮਿੱਠੀ, ਰੇਟ ਫਿਕਸ ਅਤੇ ਵਿਹਾਰ ਸਾਫ ਹੈ। ਇਸੇ



ਕਰਕੇ ਗ੍ਰਾਹਕ ਪੱਕੇ ਹੀ ਹਨ। ਜਿਹੜਾ ਇੱਕ ਵਾਰੀ ਆ ਗਿਆ ਉਹ ਪੱਕਾ ਗ੍ਰਾਹਕ ਬਣ ਗਿਆ। ਓਥੋਂ ਇਹ ਚੌਧਰੀ ਮਾਰਕਿਟ ਵਿੱਚ ਸਥਿਤ ਆਪਣੇ ਆਲੀਸ਼ਾਨ ਜੇਠੂ ਰਾਮ ਕੰਪਲੈਕਸ ਵਿੱਚ ਸ਼ਿਫਟ ਹੋ ਗਏ। ਪੁਰਾਣੇ ਲੋਕ ਅੱਜ ਵੀ ਜੇਠੂ ਰਾਮ ਦੀ ਹੱਟੀ ਕਰਕੇ ਜਾਂਦੇ ਹਨ। ਜਿੱਥੋਂ ਉਹਨਾਂ ਨੂੰ ਉਸ ਤੋਂ ਵੀ ਵੱਧ ਸੰਤੁਸ਼ਟੀ ਮਿਲਦੀ ਹੈ। ਨਵੇਂ ਗ੍ਰਾਹਕ ਵਿਹਾਰ ਅਤੇ ਕੁਆਲਿਟੀ ਕਰਕੇ ਨਾਲ ਜੁੜਦੇ ਹਨ। ਹਾਲਾਂਕਿ ਦਾਦੂ ਜੇਠੂਰਾਮ, ਸ੍ਰੀ ਤੇਜ ਭਾਨ ਅਤੇ ਬਾਕੀਆਂ ਦਾ ਸੁਭਾਅ ਗਰਮ ਸੀ। ਪ੍ਰੰਤੂ ਪ੍ਰੇਮ ਦਾ ਸੁਭਾਅ ਨਰਮ ਹੈ। ਸਿਆਣੇ ਕਹਿੰਦੇ ਸਨ ਅਫ਼ਸਰੀ ਗਰਮੀ ਦੀ, ਦਲਾਲੀ ਬੇਸ਼ਰਮੀ ਦੀ, ਦੁਕਾਨਦਾਰੀ ਨਰਮੀ ਦੀ। ਇਸੇ ਨਰਮੀ ਕਰਕੇ ਹੀ ਅੱਜ ਵੀ ਜੇਠੂ ਦੀ ਹੱਟੀ ਦਾ ਨਾਮ ਚੱਲਦਾ ਹੈ।



**ਰਮੇਸ ਸੇਠੀ ਬਾਦਲ**
**ਸੰਪਰਕ- 9876627233**

# (ਇਮਾਨਦਾਰੀ ਹੁੰਦੀ ਸਭ ਤੋਂ ਚੰਗੀ)

ਬੇਈਮਾਨਾਂ ਨੂੰ ਬੇਈਮਾਨੀ ਚੰਗੀ ਲੱਗਦੀ, ਮੁਫ਼ਤ ਦਾ ਮਾਲ ਛਕਣਾ,
ਸਭ ਨੂੰ ਆਸਾਨੀ ਲੱਗਦੀ। ਹੌਲੀ ਹੌਲੀ ਇਹ ਆਦਤ, ਜਦੋਂ ਘਰ
ਕਰ ਜਾਂਦੀ, ਫਿਰ ਇਸ ਤੋਂ, ਖਹਿੜਾ ਛਡਾਉਣਾ ਔਖਾ ਹੁੰਦਾ।
ਕੋਰਟ ਕਚਹਿਰੀਆਂ ਵਿੱਚ, ਜਦੋਂ ਪੈਣ ਪੇਸ਼ੀਆਂ,ਨਕਾਬ ਸਮੇਤ
ਚਿਹਰਾ ਨੰਗਾ ਹੁੰਦਾ। ਨਾ ਚੈਨ ਦੀ, ਨੀਂਦ ਸੌਂ ਸਕਦਾ, ਨਾ ਚੈਨ
ਘਰਦਿਆਂ ਨੂੰ, ਆਉਣ ਦਿੰਦਾ। ਇਮਾਨਦਾਰੀ ਵਿੱਚ ਬੰਦਾ ਘੂਕ
ਸੌਂਦਾ, ਬੇਫਿਕਰੀ ਦੀ ਮੌਜ਼ ਲੈਂਦਾ। ਦੁੱਖ-ਸੁੱਖ ਭਾਵੇਂ ਸਭ ਨੂੰ
ਆਉਂਦੇ, ਰੱਬ ਦੇ ਹੁਕਮ ਦਾ ਕੋਈ ਖੌਫ ਨਾ ਹੁੰਦਾ।
ਇਮਾਨਦਾਰੀ ਦੇ ਫਾਇਦੇ ਬੜੇ ਨੇ, ਹੰਭਲੇ ਮਾਰ ਕੇ, ਹਾਰੇ ਹੋਇਆਂ
ਨੂੰ, ਅੰਤ ਵਿੱਚ ਜਿਤਾ ਦਿੰਦੀ। ਉਮਰਾਂ ਦੇ ਤਜਰਬੇ, ਬਜ਼ੁਰਗਾਂ ਦੇ,
ਸੱਚੀ ਸੁੱਚੀ ਸਿੱਖੀ ਦੇ ਰਾਹ ਪਾ ਦਿੰਦੀ। ਸਿਆਣੇ ਕਹਿੰਦੇ, ਰੱਬ
ਤੋਂ ਡਰ ਕੇ ਰਹਿਣਾ ਚਾਹੀਦਾ। ਮੰਦੇ ਕੰਮੀਂ ਨਾਨਕਾ, ਜਦੁ ਕਦੁ
ਮੰਦਾ ਹੋਇ। ਜਿਸ ਨੇ ਆਪਣਾ ਇਮਾਨ ਵੇਚ ਦਿੱਤਾ,ਸਮਝੋ ਸਭ
ਕੁਝ ਸਮੇਟ ਦਿੱਤਾ।ਇਮਾਨ ਹੁੰਦਾ ਵੱਡੀ ਕਮਾਈ,ਜਨਮ-ਜਨਮਾਤਰਾਂ
ਦੀ, ਪੂੰਜੀ ਜੁੜਦੀ ਭਾਈ। ਐਸਾ ਕਾਰਜ ਕਰੋ, ਜਗਤ ਵਿੱਚ, ਯਾਦ
ਕਰੇ ਸਭ ਕੋਈ। ਪ੍ਰਮਾਤਮਾ ਅਪਣੇ ਭਗਤਾਂ ਦੀ ਆਪ ਸੁਣੇ
ਅਰਜ਼ੋਈ।

**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**











# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**